ਕੈਨੇਡੀਅਨ ਪੰਜਾਬੀ ਪੋਸਟ
Award winning newspaper | Canadian Punjabi Post
Vol 18 *Issue 90 Thursday, May 09, 2019 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
20 Maritime Blvd. Unit #11, Brampton, L6S0C2

Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

ਪੰਜਾਬੀ ਪੋਸਟ ਵਿਸ਼ੇਸ਼

# ਸਿੱਖਾਂ ਦਾ ਸਿਆਸੀ ਪ੍ਰਭਾਵ: ਕੀ ਨਿਵਾਣ ਵੱਲ - ਭਾਗ 1

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕੱਲ ਅਸੀਂ ਸਾਬਕਾ ਪਾਰਲੀਮੈਂਟ ਮੈਂਬਰ ਗੁਰਬਖਸ਼ ਸਿੰਘ ਮੱਲ੍ਹੀ ਵੱਲੋਂ ਪਿਛਲੇ ਸਮਿਆਂ ਵਿੱਚ ਪਾਈਆਂ ਪਿਰਤਾਂ ਦਾ ਜ਼ਿਕਰ ਕਰਦੇ ਹੋਏ ਇਸ ਰੁਝਾਨ ਵੱਲ ਝਾਤ ਮਾਰੀ ਸੀ ਕਿ ਸਿੱਖ ਸੰਸਥਾਵਾਂ ਅਤੇ ਜੱਥੇਬੰਦੀਆਂ ਦੇ ਸਮਾਗਮਾਂ ਵਿੱਚ ਸਿਆਸੀ ਚਹਿਲ ਪਹਿਲ ਵੱਧਣ ਦੇ ਬਾਵਜੂਦ ਕਮਿਉਨਿਟੀ ਦਾ ਸਮੂਹਿਕ ਪ੍ਰਭਾਵ ਕਮਜ਼ੋਰ ਕਿਉਂ ਵੇਖਣ ਨੂੰ ਮਿਲਦਾ ਹੈ। ਸਿਆਸਤਦਾਨ ਧਾਰਮਿਕ ਸਥਾਨਾਂ ਤੱਕ ਆਪੋ ਆਪਣੇ ਮਕਸਦਾਂ ਲਈ ਪਹੁੰਚ ਕਰਦੇ ਚਲੇ ਜਾ ਰਹੇ ਹਨ ਅਤੇ ਸੰਸਥਾਵਾਂ ਆਪਣੇ ਨਿੱਜੀ ਦ੍ਰਿਸ਼ਟੀਕੋਣ ਤੋਂ ਕਮਿਉਨਿਟੀ ਦੇ ਇੱਕਠ ਨੂੰ ਵਰਤਦੀਆਂ ਹਨ। ਮਿਸਾਲ ਵਜੋਂ ਹਰ ਵੱਖ 2 ਗੁਰਦੁਆਰਿਆਂ ਦੇ ਜੁੜਾਵ ਵੱਖੋ ਵੱਖਰੇ ਟੀਚੇ ਵਾਲੀਆਂ ਵਿਚਾਰਧਾਰਕ ਜੱਥੇਬੰਦੀਆਂ ਨਾਲ ਮੁਕਰੱਰ ਹੋਣੇ ਹੁਣ ਅਪਵਾਦ ਨਹੀਂ ਸਗੋਂ ਨੇਮ (rule not an exception) ਬਣ ਚੁੱਕੇ ਹਨ। ਨਤੀਜਾ ਇਹ ਕਿ ਕੌਮੀ ਸਿੱਖ ਚਿਹਰੇ ਮੁਹਰਿਆਂ ਨੂੰ ਲੈ ਕੇ ਬਾਹਰਲੀਆਂ ਕਮਿਉਨਿਟੀਆਂ ਨੇ ਕਿਹੋ ਜਿਹਾ ਪ੍ਰਭਾਵ ਮਨਾਂ ਵਿੱਚ ਵਸਾਉਣਾ ਹੈ, ਉਹ ਇੱਕ ਵੱਖਰੀ ਚਰਚਾ ਦਾ ਵਿਸ਼ਾ ਹੈ, ਸਿੱਖ ਭਾਈਚਾਰੇ ਅੰਦਰ ਵੀ ਅਖੌਤੀ ਲੀਡਰਾਂ ਵੱਲੋਂ ਤਿੜਕੀ ਦ੍ਰਿਸ਼ਟੀ ਦਾ ਲੈਂਜ਼ ਪਹਿਨ ਕੇ ਟਿੱਪਣੀਆਂ ਹੋਣ ਲੱਗ ਪਈਆਂ। ਭਾਵ ਆਪਣਿਆਂ ਹੱਥੋਂ ਆਪਣਿਆਂ ਦਾ ਚੀਰਹਰਨ।

ਤਿੜਕੀ ਦ੍ਰਿਸ਼ਟੀ ਦੇ ਲੈਂਜ ਵਿੱਚੋਂ ਪੈਦਾ ਹੁੰਦੀਆਂ ਟਿੱਪਣੀਆਂ ਦੀ ਇੱਕ ਮਿਸਾਲ ਐਡਮਿੰਟਨ-ਸ਼ੇਰਵੁੱਡ ਰਾਈਡਿੰਗ ਤੋਂ ਜਿੱਤ ਕੇ ਆਇਆ ਨੌਜਵਾਨ ਐਮ ਪੀ ਟਿੱਮ ਉੱਪਲ ਦੀ ਲਈ ਜਾ ਸਕਦੀ ਹੈ। ਗੁਰਬਖਸ਼ ਸਿੰਘ ਮੱਲ੍ਹੀ ਤੋਂ ਬਾਅਦ ਟਿੱਮ ਉੱਪਲ ਨੂੰ ਸਿਹਰਾ ਜਾਂਦਾ ਹੈ ਕਿ ਉਸਨੂੰ ਪਾਰਲੀਮੈਂਟ ਵਿੱਚ ਪ੍ਰਧਾਨ ਮੰਤਰੀ ਦੇ ਐਨ ਪਿੱਛੇ ਵਾਲੀ ਕਤਾਰ ਵਿੱਚ ਅਜਿਹੀ ਥਾਂ ਕੁਰਸੀ ਦਿੱਤੀ ਜਾਂਦੀ ਸੀ ਜਿੱਥੇ ਤੋਂ ਕੈਮਰੇ ਦੀ ਅੱਖ ਤੋਂ ਉਸਦੀ ਨੀਲੀ ਦਸਤਾਰ ਬੱਚ ਨਾ ਸਕੇ। ਉੱਥੇ ਬੈਠਣ ਦਾ ਸਬੱਬ ਸਿੱਖ ਪਹਿਚਾਣ ਨੂੰ ਇੱਕ ਅਜਿਹਾ ਬਿੰਬ ਪ੍ਰਦਾਨ ਕਰਦਾ ਸੀ ਜੋ ਇੱਕਲੇ ਕੈਨੇਡਾ ਵਿੱਚ ਹੀ ਨਹੀਂ ਸਗੋਂ ਸਮੁੱਚੇ ਵਿਸ਼ਵ ਵਿੱਚ ਸਿੱਖਾਂ ਬਾਰੇ ਹਾਂ ਪੱਖੀ ਪ੍ਰਭਾਵ ਪਾਉਣ ਲਈ ਲੋਕਾਂ ਦੀਆਂ ਅੱਖਾਂ ਸਾਹਮਣੇ ਨੱਚਦਾ ਟੱਪਦਾ ਹੈ। ਬਿਲਕੁਲ ਉਵੇਂ ਹੀ ਜਿਵੇਂ ਗੁਰਬਖਸ਼ ਸਿੰਘ ਮੱਲ੍ਹੀ ਦੀ ਲਾਲ ਦਸਤਾਰ ਚਮਕਾਂ ਮਾਰਿਆ ਕਰਦੀ ਸੀ।

ਪਰ ਟਿੱਮ ਉੱਪਲ ਦਾ ਵਕਤ ਆਉਣ ਤੱਕ ਕਮਿਉਨਿਟੀ ਅੰਦਰ ਤਿੜਕੀ ਨਜ਼ਰ ਐਨੀ ਕੁ ਮਜ਼ਬੂਤ ਹੋ ਚੁੱਕੀ ਸੀ ਕਿ ਉਸਦੀ ਕੁਰਸੀ, ਉਸਦੇ ਰੋਲ ਅਤੇ ਦਿੱਖ ਦਾ ਬਾਹਰਲਿਆਂ ਵੱਲੋਂ ਨਹੀਂ ਸਗੋਂ ਭਾਈਚਾਰੇ ਵਿੱਚੋਂ ਭਾਈਚਾਰਾ ਦਾ ਹਿੱਤ ਪੂਰਨ ਦਾ ਦਾਅਵਾ ਕਰਨ ਵਾਲਿਆਂ ਵੱਲੋਂ ਮਜਾਕ ਉਡਾਇਆ ਜਾਂਦਾ ਸੀ।

...ਬਾਕੀ ਪੰਨਾ 6 'ਤੇ

# ਓਸ਼ਵਾ ਪਲਾਂਟ ਵਿੱਚ 170 ਮਿਲੀਅਨ ਡਾਲਰ ਨਿਵੇਸ਼ ਕਰੇਗੀ ਜੀਐਮ

## ਇਸ ਨਾਲ ਬਚਾਈਆਂ ਜਾ ਸਕਣਗੀਆਂ 300 ਨੌਕਰੀਆਂ



ਯੂਨੀਫੌਰ ਨੈਸ਼ਨਲ ਦੇ ਪ੍ਰੈਜ਼ੀਡੈਂਟ ਜੈਰੀ ਡਾਇਸ ਨੇ ਆਖਿਆ ਕਿ ਇਸ ਐਲਾਨ ਦਾ ਮੁੱਖ ਪੱਖ ਇਹ ਹੈ ਕਿ ਜੀਐਮ ਲਈ ਆਉਣ ਵਾਲੇ ਸਮੇਂ ਵਿੱਚ ਇਹ ਪਹਿਲੀ ਆਫਟਰਮਾਰਕਿਟ ਫੈਸਿਲਿਟੀ ਬਣ ਜਾਵੇਗੀ।

ਓਨਟਾਰੀਓ, 8 ਮਈ (ਪੋਸਟ ਬਿਊਰੋ) : ਜਨਰਲ ਮੋਟਰਜ਼ ਨੇ ਆਪਣੇ ਓਸ਼ਵਾ, ਓਨਟਾਰੀਓ ਸਥਿਤ ਪਲਾਂਟ ਦਾ ਮੂੰਹ ਮੁਹਾਂਦਰਾ ਬਦਲਣ ਲਈ 170 ਮਿਲੀਅਨ ਡਾਲਰ ਇੱਥੇ ਨਿਵੇਸ਼ ਕਰਨ ਦਾ ਫੈਸਲਾ ਕੀਤਾ ਹੈ ਜਿਸ ਨਾਲ ਸੈਂਕੜੇ ਕਰਮਚਾਰੀਆਂ ਦੀਆਂ ਨੌਕਰੀਆਂ ਬਚਾਈਆਂ ਜਾ ਸਕਣਗੀਆਂ।

ਜੀਐਮ ਕੈਨੇਡਾ ਤੇ ਯੂਨੀਫੌਰ ਨੇ ਐਲਾਨ ਕੀਤਾ ਕਿ ਮੌਜੂਦਾ ਫੈਸਿਲਿਟੀ , ਜਿੱਥੇ ਕਈ ਤਰ੍ਹਾਂ ਦੀਆਂ ਗੱਡੀਆਂ ਦਾ ਨਿਰਮਾਣ ਕੀਤਾ ਜਾਂਦਾ ਹੈ, ਉੱਤੇ ਭਵਿੱਖ ਵਿੱਚ ਸਟੈਂਪਿੰਗ ਤੇ ਸਬ-ਅਸੈਂਬਲੀ ਹੋਇਆ ਕਰੇਗੀ। ਕੰਪਨੀ ਦਾ ਕਹਿਣਾ ਹੈ ਕਿ ਇਸ ਨਾਲ 2600 ਵਿੱਚੋਂ 300 ਨੌਕਰੀਆਂ ਬਚਾਈਆਂ ਜਾ ਸਕਣਗੀਆਂ। ਜੀਐਮ ਕੈਨੇਡਾ ਦੇ ਪ੍ਰੈਜ਼ੀਡੈਂਟ ਟਰੈਵਿਸ ਹੈਸਟਰ ਨੇ ਬੁੱਧਵਾਰ ਨੂੰ ਇੱਕ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਜੀਐਮ ਆਉਣ ਵਾਲੇ ਦਹਾਕਿਆਂ ਤੱਕ ਓਸ਼ਵਾ ਦੀਆਂ ਸਿਰਮੌਰ ਕੰਪਨੀਆਂ ਤੇ ਇੰਪਲਾਇਰਜ਼ ਵਿੱਚੋਂ ਨੰਬਰ ਵੰਨ ਰਹਿਣਾ ਚਾਹੁੰਦੀ ਹੈ।

...ਬਾਕੀ ਪੰਨਾ 6 'ਤੇ

# ਸਾਬਕਾ ਵਾਈਸ ਐਡਮਿਰਲ ਮਾਰਕ ਨੌਰਮਨ ਖਿਲਾਫ ਲਾਏ ਗਏ ਚਾਰਜਿਜ਼ ਉੱਤੇ ਲਾਈ ਗਈ ਰੋਕ



ਓਟਵਾ, 8 ਮਈ (ਪੋਸਟ ਬਿਊਰੋ) : ਫੈਡਰਲ ਪ੍ਰੌਸੀਕਿਊਟਰਜ਼ ਨੇ ਸਸਪੈਂਡ ਕੀਤੇ ਗਏ ਵਾਈਸ ਐਡਮਿਰਲ ਮਾਰਕ ਨੌਰਮਨ ਖਿਲਾਫ ਲਾਏ ਗਏ ਵਿਸ਼ਵਾਸ ਤੋੜਨ ਦੇ ਚਾਰਜਿਜ਼ ਉੱਤੇ ਰੋਕ ਲਾ ਦਿੱਤੀ ਹੈ। ਇਸ ਤੋਂ ਭਾਵ ਹੈ ਕਿ ਹੁਣ ਨੌਰਮਨ ਆਜ਼ਾਦ ਹਨ ਤੇ ਚੋਣਾਂ ਤੋਂ ਪਹਿਲਾਂ ਉਨ੍ਹਾਂ ਖਿਲਾਫ ਇਸ ਮਾਮਲੇ ਵਿੱਚ ਕੋਈ ਸੁਣਵਾਈ ਨਹੀਂ ਹੋਵੇਗੀ।

ਨੌਰਮਨ ਨੇ ਆਖਿਆ ਕਿ ਹੁਣ ਉਹ ਕੰਮ ਉੱਤੇ ਪਰਤਣ ਦਾ ਮਨ ਬਣਾ ਰਹੇ ਹਨ। ਉਨ੍ਹਾਂ ਆਉਣ ਵਾਲੇ ਦਿਨਾਂ ਵਿੱਚ ਆਪਣੀ ਕਹਾਣੀ ਬਿਆਨ ਕਰਨ ਦਾ ਤਹੱਈਆ ਵੀ ਪ੍ਰਗਟਾਇਆ।

...ਬਾਕੀ ਪੰਨਾ 6 'ਤੇ

ਤੀਆਂ ਦਾ ਮੇਲਾ ਐਤਵਾਰ, 12 ਮਈ, 2019 ਨੂੰ, ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: ਸੁਖੀ ਨਿੱਝਰ (905) 799-0999

ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

ALLKIND INSURANCE
NOW HIRING !!!
LIFE INSURANCE • SUPER VISA INSURANCE
CRITICAL ILLNESS INS • MORTGAGE INSURANCE
TRAVEL & VISITOR INS • DISABILITY INSURANCE
RESP & TFSA & RRSP • FUNERAL INSURANCE
SIMRAN SAINI 416.994.7272
www.allkindinsurance.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton, ON, L6X0T9

INSURANCE
Home Auto
Business Trucking
R.E.S.P Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ
ਵਾਜਿਬ ਕੀਮਤ ਤੇ ਸਮੇ ਸਿਰ ਕੰਮ
Work done by Professionals
Legal Basement
Completly Furnished
Painting & Flooring
Call Jaswant Sehmbi: 647.524.0885

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

INSURANCE
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# Farecracker.com

Specially Negotiated Fares

30% DISCOUNT

# FLY CHEAPER!!!




## AIR CANADA

ਦੀਆਂ ਸਸਤੀਆਂ ਟਿਕਟਾਂ

-Non-stop flights to New Delhi
-Round trips

## Special Family Airfares Call us Anytime!

Please call us up and get a no obligatory Airfare Quote on our Business

*What's App no.*

**(732) 716-3555**

*or Call us on*

**(516) 207 1427**

*Local Canadian no.*

**(647) 794-1775**

*or Email us at*

**farecracker@gmail.com**

- India • Nepal • Srilanka
- Bangladesh • Pakistan
- Dubai • Abu Dhabi
- Riyadh • Europe • Bangkok
- Singapore • Kuala Lumpur
- Bali • Australia

ਚੰਡੀਗੜ੍ਹ/ਅੰਮ੍ਰਿਤਸਰ/ਦਿੱਲੀ ਟਿਕਟਾਂ ਤੇ ਭਾਰੀ ਛੋਟ ਲਈ *Online* ਚੈੱਕ ਕਰੋ:
*Farecracker.com*

**ਵਧੀਆ ਮੁੱਲ ਗਾਰੰਟੀ ਚੁਣੌਤੀ!**
ਜੇਕਰ ਤੁਸੀਂ ਕਿਸੇ ਹੋਰ ਤੋਂ ਸਸਤੀ ਟਿਕਟ ਕਰਦੇ ਹੋ ਤਾਂ ਸਾਡੇ ਤੋਂ ਤੁਹਾਡੀ ਟਿਕਟ ਮੁਫ਼ਤ ਹੋਵੇਗੀ!

**Best Price Guarantee Challenge!**
If you get a cheaper Ticket you'll get the Ticket Free! Please contact us for a No Obligatory Quote.

Referral Bonus if you refer us clients Farecracker.com would pay you $100 Referral Bonus. Please what's app us Contact details of your References (Friends & Family) on **(732) 716-3555**, if they are looking for a Flight.




Local Agents Needed Part Time/Full Time Agents Required in Toronto/Brampton/Mississauga all over Ontario for opening Traditional Brick and Mortar Stores as a Licensed Franchise of Farecracker.com; Please send in your contact details on Farecracker@gmail.com

Lufthansa · AIR CANADA · QATAR AIRWAYS القطرية · American Airlines · SWISS · Alitalia · asta American Society of Travel Advisors

*Punjabi Post Canada has no Association with Farecracker.com and Any or All Products sold by Farecracker.com is as per the Policies mentioned on their website and it is a contract between the user and Farecracker.com. Punjabi Post Canada is a News Paper and Indemnifies itself from any Liability or Complaints. Thank you.

## ਅੱਜ ਨਾਮਾ >>

ਘਿਰ ਗਈ ਸਾਧਵੀ ਤਾਜ਼ਾ ਬਿਆਨ ਦੇ ਕੇ,
ਠੀਕ ਕਰਨ ਲਈ ਕੈਂਸਰ ਦਾ ਰੋਗ ਭਾਈ।
ਛੱਡ ਦਿਓ ਆਖੇ ਦਵਾਈ ਤੇ ਟੀਕਿਆਂ ਨੂੰ,
ਲਾਇਓ ਗਾਂਵਾਂ ਦੇ ਮੂਤਰ ਦਾ ਭੋਗ ਭਾਈ।
ਨਾਲੇ ਕਹਿੰਦੀ ਕਿ ਹੋ ਗਿਆ ਜਦੋਂ ਕੈਂਸਰ,
ਅਸਾਂ ਵੀ ਇਹੋ ਸੀ ਜਾਣਿਆ ਯੋਗ ਭਾਈ।
ਮਾਹਰ ਕੈਂਸਰ ਦੇ ਬੋਲ ਫਿਰ ਪਏ ਓਧਰ,
ਕਿਹਾ, ਐਵੇਂ ਭਰਮਾਓ ਨਹੀਂ ਲੋਗ ਭਾਈ।
ਗਊ ਮੂਤਰ ਵਿੱਚ ਕੋਈ ਨਹੀਂ ਤੱਤ ਐਸਾ,
ਜਿਹੜਾ ਕੈਂਸਰ ਨੂੰ ਕਰੇ ਕੁਝ ਠੀਕ ਭਾਈ।
ਜੇ ਕੋਈ ਹੈਗਾ ਤਾਂ ਆਓ ਜੀ ਕਰੋ ਸਾਬਤ,
ਮਿਥੀਏ ਟੈੱਸਟ ਲਈ ਝੱਟ ਤਰੀਕ ਭਾਈ।

**ਤੀਸ ਮਾਰ ਖਾਂ**

# ਕੈਨੇਡਾ-ਅਮਰੀਕਾ ਸਰਹੱਦ ਉੱਤੇ ਤਿੰਨ ਮੈਕਸੀਕਨ ਵਿਅਕਤੀ ਕਾਬੂ




ਬਲੇਨ, ਵਾਸ਼ਿੰਗਟਨ, 8 ਮਈ (ਪੋਸਟ ਬਿਊਰੋ) : ਯੂਐਸ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਅਧਿਕਾਰੀਆਂ ਨੇ ਦੱਸਿਆ ਕਿ ਕੈਨੇਡਾ ਤੋਂ ਅਮਰੀਕਾ ਅਨਾਜ ਲਿਆ ਰਹੀ ਮਾਲ ਗੱਡੀ ਵਿੱਚ ਲੁਕ ਕੇ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰ ਰਹੇ ਤਿੰਨ ਮੈਕਸੀਕਨ ਵਿਅਕਤੀਆਂ ਨੂੰ ਉਨ੍ਹਾਂ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ ਹੈ।

ਏਜੰਸੀ ਦੇ ਬੁਲਾਰੇ ਰੈਨੇ ਆਰਚਰ ਦਾ ਕਹਿਣਾ ਹੈ ਕਿ ਇਨ੍ਹਾਂ ਵਿਅਕਤੀਆਂ ਦੀ ਉਮਰ 25 ਤੋਂ 33 ਸਾਲ ਹੈ ਤੇ ਇਨ੍ਹਾਂ ਨੂੰ ਐਤਵਾਰ ਨੂੰ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਹ ਤਿੰਨੇ ਵਿਅਕਤੀ ਇੱਕ ਬੋਗੀ ਵਿੱਚ ਗਾਰਬੇਜ ਬੈਗਜ਼ ਦੇ ਥੱਲੇ ਲੁਕੇ ਹੋਏ ਸਨ।

ਆਰਚਰ ਦਾ ਕਹਿਣਾ ਹੈ ਕਿ ਇਨ੍ਹਾਂ ਵਿਅਕਤੀਆਂ ਨੂੰ ਅਮਰੀਕਾ ਤੋਂ ਕੱਢਣ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਹਾਲ ਦੀ ਘੜੀ ਇਨ੍ਹਾਂ ਨੂੰ ਫੈਡਰਲ ਸਰਕਾਰ ਵੱਲੋਂ ਟਾਕੋਮਾ ਵਿੱਚ ਪ੍ਰਾਈਵੇਟ ਤੌਰ ਉੱਤੇ ਚਲਾਏ ਜਾਣ ਵਾਲੇ ਨੌਰਥਵੈਸਟ ਡਿਟੈਂਸ਼ਨ ਸੈਂਟਰ ਵਿੱਚ ਲਿਜਾਇਆ ਗਿਆ ਹੈ।

# ਬੀ ਐਮ ਸੀ ਦੇ ਨਿਸ਼ਾਨੇ ਉੱਤੇ ਅਮਿਤਾਭ ਬੱਚਨ ਦਾ ਘਰ

ਨਵੀਂ ਦਿੱਲੀ, 8 ਮਈ (ਪੋਸਟ ਬਿਊਰੋ)- ਬਾਲੀਵੁੱਡ ਦੇ ਹੀਰੋ ਅਮਿਤਾਭ ਬੱਚਨ ਬਾਰ ਅਜਿਹੀ ਗੱਲ ਸਾਹਮਣੇ ਆਈ ਹੈ, ਜਿਸ ਨਾਲ ਉਨ੍ਹਾਂ ਦੀ ਪਰੇਸ਼ਾਨੀ ਵਧ ਸਕਦੀ ਹੈ। ਅਸਲ ਵਿੱਚ ਮੁੰਬਈ ਨਗਰ ਪਾਲਿਕ (ਬੀ ਐਮ ਸੀ) ਨੇ ਪਿੱਛੇ ਜਿਹੇ ਬਿਜ਼ਨੈਸਮੈਨ ਕੇ ਵੀ ਸੱਤਿਆਮੂਰਤੀ ਦੇ ਘਰ ਦੀ ਚਾਰਦੀਵਾਰੀ ਨੂੰ ਤੋੜਿਆ ਹੈ, ਜੋ ਬਿਗ ਬੀ ਦਾ ਗੁਆਂਢੀ ਹੈ। ਉਸ ਗੁਆਂਢੀ ਦੇ ਕਾਰਨ ਬਿਗ ਬੀ ਦੀ ਚਾਰਦੀਵਾਰੀ ਨੂੰ ਵੀ ਤੋੜਿਆ ਜਾਵੇਗਾ। ਇਕ ਸੀਨੀਅਰ ਨਿਗਮ ਅਧਿਕਾਰੀ ਨੇ ਦੱਸਿਆ ਕਿ ਅਸੀਂ ਅਮਿਤਾਭ ਬੱਚਨ ਅਤੇ ਬਿਜ਼ਨੈਸਮੈਨ ਸੱਤਿਆਮੂਰਤੀ ਦੋਵਾਂ ਨੂੰ ਇਕ ਸਾਲ ਪਹਿਲਾਂ ਨੋਟਿਸ ਦਿੱਤਾ ਸੀ। ਬਿਗ ਬੀ ਅਤੇ ਬਿਜ਼ਨੈਸਮੈਨ ਸੱਤਿਆਮੂਰਤੀ ਦਾ ਘਰ ਸੰਤ ਦਇਆਨੇਸ਼ਵਰ ਨਾਮ ਦੀ ਸੜਕ ਉਤੇ ਹੈ ਜਿਸ ਨੂੰ 40 ਤੋਂ 50 ਮੀਟਰ ਚੌੜੀ ਕੀਤਾ ਜਾਣਾ ਹੈ। ਕੁਝ ਦਿਨ ਪਹਿਲਾਂ ਬਿਜ਼ਨੈਸਮੈਨ ਕੇ ਵੀ ਸੱਤਿਆਮੂਰਤੀ ਨੇ ਮੁੰਬਈ ਦੇ ਹਾਈ ਕੋਰਟ ਵਿੱਚ ਉਨ੍ਹਾਂ ਦੇ ਘਰ ਦੀ ਚਾਰਦੀਵਾਰੀ ਨੂੰ ਤੋੜਨ 'ਤੇ ਰੋਕ ਲਗਵਾਉਣ ਲਈ ਅਪੀਲ ਕੀਤੀ ਸੀ, ਜੋ ਰੱਦ ਕਰ ਦਿੱਤੀ ਗਈ ਹੈ। ਇਸ ਵਜ੍ਹਾ ਨਾਲ ਉਨ੍ਹਾਂ ਦੇ ਘਰ ਦੀ ਕੰਧ ਨੂੰ ਤੋੜਿਆ ਗਿਆ ਹੈ ਅਤੇ ਹੁਣ ਬਿਗ ਬੀ ਦੇ ਘਰ ਦੀ ਚਾਰਦੀਵਾਰੀ ਤੋੜਨ ਵਾਲੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



## ਬਾਲਾਕੋਟ ਏਅਰ ਸਟਰਾਈਕ

## ਭਾਰਤੀ ਹਮਲੇ ਵਿੱਚ 170 ਅੱਤਵਾਦੀ ਮਰੇ ਸਨ, 45 ਜ਼ਖ਼ਮੀਆਂ ਦਾ ਅਜੇ ਇਲਾਜ ਚੱਲ ਰਿਹੈ

*** ਫਰਾਂਸ ਦੀ ਪੱਤਰਕਾਰ ਦੀ ਸਨਸਨੀ ਖੇਜ਼ ਰਿਪੋਰਟ**




ਨਵੀਂ ਦਿੱਲੀ, 8 ਮਈ, (ਪੋਸਟ ਬਿਊਰੋ)- ਪਾਕਿਸਤਾਨ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਬਾਲਾਕੋਟ ਦਾ ਸੱਚ ਬਾਹਰ ਆ ਰਿਹਾ ਹੈ। ਓਥੇ ਭਾਰਤੀ ਹਵਾਈ ਫੌਜ ਦੀ ਏਅਰ ਸਟ੍ਰਾਈਕ ਦੇ ਤਿੰਨ ਦਿਨ ਚਸ਼ਮਦੀਦਾਂ ਦੇ ਬਿਆਨ ਦੇਣ ਉੱਤੇ ਜੈਸ਼-ਏ-ਮੁਹੰਮਦ ਦੇ ਅੱਤਵਾਦੀਆਂ ਦੇ ਵੱਡੀ ਗਿਣਤੀ ਵਿੱਚ ਮਰਨ ਦੇ ਤੱਥ ਪੇਸ਼ ਕਰਨ ਵਾਲੀ ਇਟਾਲੀਅਨ ਫਰੀ ਲਾਂਸ ਪੱਤਰਕਾਰ ਫਰਾਂਚੇਸਕਾ ਮਰੀਨੋ ਨੇ ਕੱਲ੍ਹ ਪੂਰੀ ਘਟਨਾ ਦਾ ਵਿਸਥਾਰ ਵਿੱਚ ਬਿਊਰਾ ਪੇਸ਼ ਕਰ ਦਿੱਤਾ ਹੈ।

ਇਸ ਰਿਪੋਰਟ ਅਨੁਸਾਰ ਏਅਰ ਸਟਰਾਈਕ ਵਿੱਚ ਲਗਪਗ 170 ਅੱਤਵਾਦੀ ਮਾਰੇ ਗਏ ਤੇ 45 ਜਣਿਆਂ ਦਾ ਅੱਜ ਵੀ ਇਲਾਜ ਚੱਲ ਰਿਹਾ ਹੈ। ਦੱਖਣੀ ਏਸ਼ੀਆ ਮਾਮਲਿਆਂ ਦੀ ਮਾਹਰ ਪੱਤਰਕਾਰਫਰਾਂਚੇਸਕਾ ਪਾਕਿਸਤਾਨ ਦਾ ਦੌਰਾ ਕਰ ਕੇ ਉਥੇ ਅੱਤਵਾਦੀ ਸੰਗਠਨਾਂ ਉੱਤੇ ਇਕ ਕਿਤਾਬ ਲਿਖ ਚੁੱਕੀ ਹੈ। 'ਸਟਰਿੰਗਰਏਸ਼ੀਆ' ਵਿੱਚ ਉਨ੍ਹਾਂ ਦੀ ਰਿਪੋਰਟ ਅਨੁਸਾਰ 26 ਫਰਵਰੀ ਤੜਕੇ 3.30 ਵਜੇ ਭਾਰਤੀ ਹਵਾਈ ਫੌਜ ਦੇ ਏਅਰ ਸਟ੍ਰਾਈਕ ਦੇ ਢਾਈ ਘੰਟੇ ਬਾਅਦ ਘਟਨਾ ਵਾਲੀ ਥਾਂ ਤੋਂ 20 ਕਿਲੋਮੀਟਰ ਦੂਰ ਪਾਕਿਸਤਾਨੀ ਫੌਜ ਦੇ ਸ਼ਿਕਿਆਰੀ ਕੈਂਪ ਵਿੱਚੋਂ ਇਕ ਟੁੱਕੜੀ ਉਥੇ ਗਈ ਸੀ।ਉਸ ਪਿੱਛੋਂ ਮਾਰੇ ਗਏ ਅੱਤਵਾਦੀਆਂ ਦੀਆਂ ਲਾਸ਼ਾਂ ਟਿਕਾਣੇ ਲਾਉਣ ਤੇ ਜ਼ਖ਼ਮੀ ਅੱਤਵਾਦੀਆਂ ਨੂੰ ਸ਼ਿਕਿਆਰੋ ਵਿਚਲੇ ਹਰਕਤ-ਉਲ-ਮੁਜ਼ਾਹਿਦੀਨ ਦੇ ਕੈਂਪ ਵਿੱਚ ਲਿਜਾਣ ਦਾ ਕੰਮ ਹੋਇਆ ਤੇ ਪਾਕਿਸਤਾਨੀ ਫੌਜ ਦੇ ਡਾਕਟਰਾਂ ਨੇ ਜ਼ਖ਼ਮੀ ਅੱਤਵਾਦੀਆਂ ਦਾ ਇਲਾਜ ਕੀਤਾ। ਇਸ ਦੌਰਾਨ ਗੰਭੀਰ ਜ਼ਖ਼ਮੀ 20 ਅੱਤਵਾਦੀਆਂ ਦੀ ਮੌਤ ਹੋ ਗਈ ਤੇ ਅਜੇ ਵੀ 45 ਅੱਤਵਾਦੀਆਂ ਦਾ ਇਲਾਜ ਚਲ ਰਿਹਾ ਹੈ।ਸਭ ਤੋਂ ਵੱਡੀ ਗੱਲ ਇਹ ਕਿ ਪੂਰੀ ਤਰ੍ਹਾਂ ਠੀਕ ਹੋਣ ਤੇ ਅਪਾਹਿਜ ਹੋਣ ਵਾਲੇ ਅੱਤਵਾਦੀ ਅਜੇ ਪਾਕਿਸਤਾਨੀ ਫੌਜ ਦੀ ਹਿਰਾਸਤ ਵਿੱਚ ਹਨ ਤੇ ਉਨ੍ਹਾਂ ਨੂੰ ਆਪਣੇ ਘਰਨਹੀਂਜਾਣ ਦਿੱਤਾ ਗਿਆ। ਮਾਰੇ ਗਏ ਅੱਤਵਾਦੀਆਂ ਦੇ ਪਰਿਵਾਰਾਂ ਨੂੰ ਚੁੱਪ ਰੱਖਣ ਲਈ ਉਨ੍ਹਾਂ ਤਕ ਜੈਸ਼-ਏ-ਮੁਹੰਮਦ ਮੈਂਬਰਾਂ ਦੇ ਲੋਕ ਗਏ ਅਤੇ ਉਨ੍ਹਾਂ ਨੂੰ ਰਿਸ਼ਵਤ ਦੇ ਰੂਪ ਵਿੱਚ ਮੋਟੀ ਰਕਮ ਦਿੱਤੀ ਗਈ ਹੈ। ਅੱਖੀਂ ਦੇਖਣ ਵਾਲਿਆਂ ਮੁਤਾਬਕ ਹਮਲੇ ਵਿੱਚਮ੍ਰਿਤਕਾਂ ਵਿੱਚ 11 ਟ੍ਰੇਨਰਸਨ, ਜੋ ਆਈਈਡੀ ਬੰਬ ਬਣਾਉਣ ਤੋਂ ਲੈ ਕੇ ਅਤਿ-ਆਧੁਨਿਕ ਹਥਿਆਰ ਚਲਾਉਣ ਦੇ ਲਈ ਸਿਖਲਾਈ ਦਿੰਦੇ ਸਨ। ਇਨ੍ਹਾਂ ਵਿੱਚ ਦੋ ਅਫ਼ਗਾਨੀ ਟ੍ਰੇਨਰ ਸਨ।ਮਾਰਿਨੋ ਦੇ ਮੁਤਾਬਕ ਜੈਸ਼ ਦੇ ਕੈਂਪ ਵਾਲਾ ਬਾਲਾਕੋਟ ਦਾ ਇਲਾਕਾ ਅਜੇ ਵੀ ਪਾਕਿਸਤਾਨੀ ਫੌਜ ਦੀ ਮੁਜ਼ਾਹਿਦ ਬਟਾਲੀਅਨ ਦੇ ਕੰਟਰੋਲ ਵਿੱਚ ਹੈ। ਇਸ ਬਟਾਲੀਅਨ ਦਾ ਕੈਪਟਨ ਰੈਂਕ ਦਾ ਅਫਸਰ ਇਲਾਕੇ ਦੀ ਨਿਗਰਾਨੀ ਕਰਦਾ ਹੈ। ਕੈਂਪ ਤਕ ਜਾਣ ਵਾਲੇ ਕੱਚੇ ਰਸਤੇ ਉੱਤੇ ਪੁਲਿਸ ਨੂੰ ਵੀ ਜਾਣ ਦੀ ਇਜਾਜ਼ਤ ਨਹੀਂ ਹੈ।

ਇਸ ਏਅਰ ਸਟਰਾਈਕ ਦੇ ਬਾਅਦ ਪਾਕਿਸਤਾਨ ਨੇ ਭਾਵੇਂ ਸੱਚ ਨੂੰ ਲੁਕਾਉਣ ਦੀ ਕਾਫੀ ਕੋਸ਼ਿਸ਼ ਕੀਤੀ, ਪਰ ਇਸ ਦੇ ਤਿੰਨ ਦਿਨ ਬਾਅਦ ਹੀ ਚਸ਼ਮਦੀਦਾਂ ਦੇ ਬਿਆਨਾਂ ਨਾਲ ਜੈਸ਼-ਏ-ਮੁਹੰਮਦ ਦੇ ਕਈ ਦਰਜਨ ਅੱਤਵਾਦੀਆਂ ਦੇ ਮਰਨ ਦੀ ਪੁਸ਼ਟੀ ਹੋ ਗਈ ਸੀ। ਇਸ ਤੋਂ ਇਲਾਵਾ ਜੈਸ਼-ਏ-ਮੁਹੰਮਦ ਸਰਗਨਾ ਤੇ ਕੌਮਾਂਤਰੀ ਅੱਤਵਾਦੀ ਮਸੂਦ ਅਜ਼ਹਰ ਦੇ ਭਰਾ ਨੇ ਵੀ ਇਕ ਜਲਸੇ ਵਿੱਚ ਵੱਡੀ ਗਿਣਤੀ ਵਿੱ-ਚਆਪਣੇ ਬੰਦੇ ਮਰਨ ਦੀ ਗੱਲ ਮੰਨ ਲਈ ਸੀ।

## ਈਰਾਨ ਨੇ ਵੀ ਐਟਮੀ ਸਮਝੌਤੇ ਤੋਂ ਪਿੱਛੇ ਹਟਣਾ ਸ਼ੁਰੂ ਕੀਤਾ



ਤਹਿਰਾਨ, 8 ਮਈ, (ਪੋਸਟ ਬਿਊਰੋ)- ਐਟਮੀਸਮਝੌਤੇਤੋਂ ਅਮਰੀਕਾ ਦੇ ਹਟ ਜਾਣ ਦੇ ਇਕ ਸਾਲ ਪਿੱਛੋਂ ਈਰਾਨ ਨੇ ਵੀ ਅੰਸ਼ਿਕ ਤੌਰ ਉੱਤੇ ਇਸ ਸਮਝੌਤੇ ਤੋਂ ਹਟਣ ਦਾ ਐਲਾਨ ਕਰ ਦਿੱਤਾ ਹੈ। ਉਸ ਨੇ ਇਹ ਧਮਕੀ ਦਿੱਤੀ ਹੈ ਕਿ ਜੇ ਦੁਨੀਆ ਦੇ ਤਾਕਤਵਰ ਦੇਸ਼ਾਂ ਨੇ ਅਮਰੀਕੀ ਪਾਬੰਦੀਆਂ ਤੋਂ ਬਚਾਉਣ ਲਈ ਕੁਝ ਨਾ ਕੀਤਾ ਤਾਂ ਉਹ ਫਿਰ ਉੱਚ ਪੱਧਰ ਦਾਐਟਮੀਫਿਊਲ ਤਿਆਰ ਕਰਨਾ ਸ਼ੁਰੂ ਕਰ ਦੇਵੇਗਾ। ਈਰਾਨ ਦੇ ਇਸ ਐਲਾਨ ਉੱਤੇ ਫਰਾਂਸ ਨੇ ਕਿਹਾ ਕਿ ਉਹ ਐਟਮੀ ਸਮਝੌਤੇ ਨੂੰ ਬਚਾਉਣਾ ਚਾਹੁੰਦੇ ਹਨ, ਪਰ ਈਰਾਨ ਨੇ ਜੇ ਸਮਝੌਤੇ ਦਾ ਸਨਮਾਨ ਨਾ ਕੀਤਾ ਤਾਂ ਉਸ ਨੂੰ ਹੋਰ ਪਾਬੰਦੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਚੀਨ ਨੇ ਸਾਰੇ ਪੱਖਾਂ ਨੂੰ ਸਮਝੌਤਾ ਬਚਾਉਣ ਦੀ ਅਪੀਲ ਕੀਤੀ ਹੈ।

ਇਸ ਸੰਬੰਧ ਵਿੱਚ ਈਰਾਨ ਦੇ ਰਾਸ਼ਟਰਪਤੀ ਹਸਨ ਰੂਹਾਨੀ ਨੇ ਬੁੱਧਵਾਰ ਨੂੰ ਟੀਵੀ ਉੱਤੇਆਪਣੇ ਸੰਬੋਧਨ ਵਿਚ ਕਿਹਾ ਕਿ ਸਮਝੌਤੇ ਉੱਤੇ ਦਸਖ਼ਤ ਕਰਨ ਵਾਲੇ ਬ੍ਰਿਟੇਨ, ਫਰਾਂਸ, ਚੀਨ, ਰੂਸ ਅਤੇ ਜਰਮਨੀ ਨੇ ਜੇ ਅਗਲੇ 60 ਦਿਨਾਂ ਵਿਚ ਸਾਡੇ ਤੇਲ ਅਤੇ ਬੈਂਕਿੰਗ ਖੇਤਰਾਂ ਨੂੰ ਬਚਾਉਣ ਦੇ ਵਾਅਦੇ ਨੂੰ ਪੂਰਾ ਨਾ ਕੀਤਾ ਤਾਂ ਈਰਾਨ ਫਿਰ ਐਟਮੀਫਿਊਲ ਬਣਾਉਣ ਦੇ ਰਾਹ ਪੈ ਜਾਵੇਗਾ। ਰੂਹਾਨੀ ਨੇ ਈਰਾਨ ਦੇ ਐਟਮੀਮੁੱਦੇ ਨੂੰ ਯੂ ਐਨ ਸਕਿਓਰਿਟੀ ਕੌਂਸਲ ਦੇ ਕੋਲ ਦੁਬਾਰਾ ਭੇਜਣ ਉੱਤੇ ਸਖ਼ਤ ਪ੍ਰਤੀਕਿਰਿਆ ਦੀ ਚਿਤਾਵਨੀ ਦਿੱਤੀ, ਪਰ ਇਹ ਵੀ ਕਿਹਾ ਕਿ ਉਨ੍ਹਾਂ ਦਾ ਦੇਸ਼ ਗੱਲਬਾਤ ਲਈ ਤਿਆਰ ਹੈ। ਇਸ ਤੋਂ ਪਹਿਲਾਂ ਯੂ ਐਨ ਦੇ ਜਾਂਚ ਕਰਤਿਆਂ ਨੇ ਕਿਹਾ ਸੀ ਕਿ ਅਮਰੀਕਾ ਦੇ ਪਿੱਛੇ ਹਟਣ ਪਿੱਛੋਂ ਵੀ ਈਰਾਨ ਐਟਮੀ ਸਮਝੌਤੇ ਦਾ ਪਾਲਣ ਕਰ ਰਿਹਾ ਸੀ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨਾਲ ਐਟਮੀ ਸਮਝੌਤੇ ਵਿੱਚੋਂਪਿਛਲੇ ਸਾਲ ਅੱਠ ਮਈ ਨੂੰ ਅਮਰੀਕਾ ਦੇ ਹਟਣ ਦਾ ਐਲਾਨ ਕੀਤਾ ਅਤੇ ਈਰਾਨ ਦੇ ਤੇਲ ਵੇਚਣਉੱਤੇ ਕਈ ਪਾਬੰਦੀਆਂ ਲਾ ਦਿੱਤੀਆਂ ਸਨ। ਟਰੰਪ ਨੇ ਈਰਾਨ ਉੱਤੇ ਇਹ ਕਾਰਵਾਈ ਉਸ ਦੇ ਐਟਮੀ ਪ੍ਰੋਗਰਾਮ ਅਤੇ ਅੱਤਵਾਦੀ ਸਰਗਰਮੀਆਂ ਬਾਰੇ ਕੀਤੀ ਸੀ। ਈਰਾਨ ਨੇ ਸਾਲ 2015 ਵਿੱਚ ਦੁਨੀਆ ਦੇ ਛੇ ਤਾਕਤਵਰ ਦੇਸ਼ਾਂ ਅਮਰੀਕਾ, ਫਰਾਂਸ, ਰੂਸ, ਚੀਨ, ਬ੍ਰਿਟੇਨ ਅਤੇ ਜਰਮਨੀ ਨਾਲ ਇਹਐਟਮੀ ਸਮਝੌਤਾ ਕੀਤਾ ਸੀ। ਇਸ ਸਮਝੌਤੇ ਨਾਲ ਸਹਿਮਤੀ ਬਣ ਗਈ ਸੀ ਕਿ ਐਟਮੀ ਪ੍ਰੋਗਰਾਮ ਬੰਦ ਕਰਨ ਉੱਤੇ ਈਰਾਨ ਨੂੰ ਪਾਬੰਦੀਆਂ ਤੋਂ ਰਾਹਤ ਦਿੱਤੀ ਜਾਵੇਗੀ ਤੇ ਮਦਦ ਕੀਤੀ ਜਾਵੇਗੀ।

PROPERTIES FOR SALE



5018 Eighth Line (Erin/Georgetown)
Country lot. Detached Bungalow.
Close to town. Finished basement.
Separate entrance Outbuildings.
3 + 1 bedroom 2 bathrooms



47 Eldomar, Brampton
Detached home. Good area
Walking distance to everything
Finished Basement.Separate entrance
3 bedrooms 2 bathrooms.
Good Parking.



Angela MEYER
Sales Representative
Ipro Realty Ltd. Brokerage
905-691-0672
www.angelameyer.ca
RealEstateToAsk4@gmail.com

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741





LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc UK
UK TRUCK TRAINING CENTRE
PCC #179958
Registered as a Private Careers College
Forklift $79 Recertification





➡ Automatic & Manual Trucks
○1:1 Training
➡ Forklift Training
Air Brake Classes
Sat-Sun 8am to 4pm




Counterbalance



Reach Truck
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

## ਸ਼ੋਕ ਸਮਾਚਾਰ



ਆਪ ਜੀ ਨੂੰ ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ਼੍ਰੀਮਤੀ ਕਰਨੈਲ ਕੌਰ ਗਰਚਾ ਪਤਨੀ ਸਵ: ਸ਼੍ਰੀ ਸੁਖਦੇਵ ਸਿੰਘ ਗਰਚਾ, ਪਿੰਡ ਕੋਹਾੜਾ, ਜਿਲ੍ਹਾ ਲੁਧਿਆਣਾ ਬੀਤੀ 28 ਅਪ੍ਰੈਲ ਨੂੰ ਅਚਾਨਕ ਅਕਾਲ ਚਲਾਣਾ ਕਰ ਗਏ। ਉਹਨਾਂ ਦੇ ਨਮਿਤ ਰੱਖੇ ਪਾਠ ਦੇ ਭੋਗ 12 ਮਈ ਨੂੰ Lotus funeral 121 city view DR Etobicoke ਵਿਖੇ ਪਾਏ ਜਾਣਗੇ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਹਨਾਂ ਦੇ ਪੁੱਤਰ ਨਛੱਤਰ ਸਿੰਘ ਗਰਚਾ ਨਾਲ 306-581-4818, 647-401-4276, 905-488-8760 ਨੰਬਰਾਂ ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪ੍ਰੇਮ ਵਿਆਹ ਕਰਵਾਉਣ 'ਤੇ ਕੁੜੀ ਦਾ ਰੋਲ ਨੰਬਰ ਰੋਕਿਆ ਗਿਆ

ਖੰਨਾ, 8 ਮਈ (ਪੋਸਟ ਬਿਊਰੋ)- ਪ੍ਰੇਮ ਵਿਆਹ ਕਰਵਾਉਣ ਵਾਲੀ ਵਿਦਿਆਰਥਣ ਦਾ ਕਾਲਜ ਨੇ ਰੋਲ ਨੰਬਰ ਰੋਕ ਦਿੱਤਾ, ਜਿਸ ਕਰਕੇ ਉਹ ਕੱਲ੍ਹ ਪ੍ਰੀਖਿਆ 'ਚ ਨਹੀਂ ਬੈਠ ਸਕੀ। ਲੜਕੀ ਦੇ ਅਨੁਸਾਰ ਉਹ ਅਧਿਆਪਕਾਂ ਤੋਂ ਕਲੀਅਰੈਂਸ ਲੈਣ ਲਈ ਚੱਕਰ ਕੱਢ ਰਹੀ ਹੈ, ਪਰ ਉਨ੍ਹਾਂ ਜਾਣਬੁੱਝ ਕੇ ਪਰੇਸ਼ਾਨ ਕਰਦੇ ਹਨ। ਕਲੀਅਰੈਂਸ ਨਾ ਮਿਲਣ ਕਰਕੇ ਉਹ ਕੱਲ੍ਹ ਪੇਪਰ ਨਹੀਂ ਦੇ ਸਕੀ। ਪ੍ਰਭਲੀਨ ਕੌਰ ਵਾਸੀ ਸਾਹਨੇਵਾਲ ਨੇ ਦੱਸਿਆ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੇਠਲੇ ਮਾਤਾ ਗੰਗਾ ਖਾਲਸਾ ਗਰਲਜ਼ ਕਾਲਜ ਮੰਜੀ ਸਾਹਿਬ ਕੋਟਾਂ ਵਿਚ ਬੀ ਐਸ ਸੀ ਫੈਸ਼ਨ ਡਿਜਾਈਨਿੰਗ ਦੇ ਆਖਰੀ ਸਾਲ ਦੀ ਵਿਦਿਆਰਥਣ ਹੈ। ਉਸ ਨੇ ਇਸੇ ਸਾਲ 28 ਮਾਰਚ ਨੂੰ ਆਨੰਦ ਕਾਰਜ ਕਰਵਾ ਕੇ ਬਲਜੀਤ ਸਿੰਘ ਵਾਸੀ ਸਾਹਨੇਵਾਲ ਨਾਲ ਵਿਆਹ ਕਰਵਾਇਆ ਸੀ ਅਤੇ 18 ਅਪ੍ਰੈਲ 2019 ਨੂੰ ਕੋਰਟ ਮੈਰਿਜ ਕਰਵਾਈ ਸੀ। ਇਸ ਪਿੱਛੋਂ ਜਦ ਉਹ ਇਮਤਿਹਾਨ ਦੇਣ ਲਈ ਕਾਲਜ 'ਚ ਕਲੀਅਰੈਂਸ ਲੈਣ ਗਈ ਤਾਂ ਕਲੀਅਰੈਂਸ ਦੇਣ ਲਈ ਉਸ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ। ਉਸ ਨੇ ਦੱਸਿਆ ਕਿ ਉਹ ਤਿੰਨ ਮਈ ਨੂੰ ਕਾਲਜ ਗਈ ਸੀ, ਪਰ ਕਲੀਅਰੈਂਸ ਨਹੀਂ ਦਿੱਤੀ ਗਈ।

SherGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636
Emergency Contact:
416.910.5676
www.shergilllawfirm.ca
2565 Steeles Ave E Unit #20,
Brampton, ON L6T 4L6






LIVER CIRRHOSIS, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਸ਼ਰਾਬ ਛਡੱਣ ਦਾ ਸੋਖਾ ਤੇ ਸ਼ਰਤੀਆ ਇਲਾਜ਼
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
Heart Problems, Arteries blockage, ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ। ਜੇਕਰ ਤੁਸੀਂ stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਕਿਡਨੀ ਦੀ ਪਥਰੀ ਤੇ ਪਿਤੇ ਦੀ ਪਥਰੀ 7 ਤੋਂ 15 ਦਿਨਾਂ ਵਿੱਚ ਖਤਮ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, 13 ਤੋਂ 19 ਸਾਲ ਦੇ ਬਚਿਆਂ ਦਾ ਸੁਭਆ ਵਿੱਚ ਤਬਦੀਲੀ ਤੇ ਪੜ੍ਹਾਈ ਵਿੱਚ ਮੰਨ ਨਾ ਲਗਣਾ ਤੇ ਮਾਂ-ਬਾਪ ਨਾਲ ਚੰਗੀ ਤਰ੍ਹਾਂ ਗੱਲ ਨਾ ਕਰਣਾ ਤੇ ਖਾਣਾ ਪੀਣਾ ਬੰਦ ਕਰ ਦੇਣ ਦੇ ਪੱਕੇ ਇਲਾਜ ਲਈ ਸੰਪਰਕ ਕਰੋ।
ਲੇਡੀਜ਼ ਨੂੰ ਮਾਈਗਰੇਨ, ਸਿਰ ਦਰਦ ਤੇ ਜਿੱਦੀ ਛਾਈਆਂ ਵਰਗੀ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ ਤੇ ਆਪਣੇ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ, ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
100% Natural Cure | No Side Effect | ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

## ਮੁੱਦਾ 'ਚੌਕੀਦਾਰ ਚੋਰ ਹੈ' ਦਾ

# ਰਾਹੁਲ ਗਾਂਧੀ ਨੇ ਸੁਪਰੀਮ ਕੋਰਟ ਤੋਂ ਬਿਨਾਂ ਸ਼ਰਤ ਮੁਆਫੀ ਮੰਗੀ





ਨਵੀਂ ਦਿੱਲੀ, 8 ਮਈ, (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਹਵਾਲੇ ਨਾਲ 'ਚੌਕੀਦਾਰ ਚੋਰ ਹੈ' ਦਾ ਬਿਆਨ ਦੇਣ ਬਾਰੇ ਪਹਿਲਾਂ ਦੋ ਵਾਰ ਅਫ਼ਸੋਸ ਪ੍ਰਗਟ ਕਰ ਚੁੱਕੇ ਕਾਂਗਰਸ ਪਾਰਟੀ ਦੇ ਪ੍ਰਧਾਨ ਰਾਹੁਲ ਗਾਂਧੀ ਨੇ ਅੱਜ ਸੁਪਰੀਮ ਕੋਰਟ ਤੋਂ ਬਿਨਾਂ ਸ਼ਰਤ ਮੁਆਫ਼ੀ ਵੀ ਮੰਗ ਲਈ ਹੈ। ਉਨ੍ਹਾਂ ਨੇ ਅੱਜ ਬੁੱਧਵਾਰ ਐਫੀਡੇਵਿਟਪੇਸ਼ ਕਰ ਕੇ ਮਾਫ਼ੀ ਮੰਗੀ ਤੇ ਕਿਹਾ ਕਿ ਉਨ੍ਹਾਂ ਨੇ ਇਹ ਗੱਲ ਗ਼ਲਤੀ ਨਾਲ ਕਹੀ ਸੀ ਤੇ ਇਸ ਦੇ ਪਿੱਛੇ ਉਨ੍ਹਾਂ ਦੀ ਕੋਈ ਹੋਰ ਮਨਸ਼ਾ ਨਹੀਂ ਸੀ। ਰਾਹੁਲ ਗਾਂਧੀ ਨੇ ਅਦਾਲਤ ਨੂੰ ਐਫੀਡੇਵਿਟ ਮਨਜ਼ੂਰ ਕਰ ਕੇ ਮਾਣਹਾਨੀ ਕੇਸ ਬੰਦ ਕਰਨਲਈ ਅਪੀਲ ਕੀਤੀ ਹੈ। ਅਦਾਲਤ ਇਸ ਦੇ ਬਾਅਦ ਇਸ ਕੇਸ ਬਾਰੇ 10 ਮਈ ਨੂੰ ਅਗਲੀ ਸੁਣਵਾਈ ਕਰੇਗੀ।

ਵਰਨਣ ਯੋਗ ਹੈ ਕਿ ਰਾਹੁਲ ਗਾਂਧੀ ਨੇ 10 ਅਪਰੈਲ ਨੂੰ ਰਾਫੇਲ ਕੇਸ ਵਿਚ ਸੁਪਰੀਮ ਕੋਰਟ ਵੱਲੋਂ ਸੁਣਵਾਈ ਮੁੜ ਕੇ ਕਰਨ ਦਾ ਫ਼ੈਸਲਾ ਆਉਣ ਪਿੱਛੋਂ ਦਿੱਤੇ ਬਿਆਨ ਵਿਚ ਕਿਹਾ ਸੀ ਕਿ ਸੁਪਰੀਮ ਕੋਰਟ ਨੇ ਮੰਨਿਆ ਹੈ ਕਿ ਚੌਕੀਦਾਰ ਚੋਰ ਹੈ। ਭਾਜਪਾ ਦੀ ਪਾਰਲੀਮੈਂਟ ਮੈਂਬਰ ਮੀਨਾਕਸ਼ੀ ਲੇਖੀ ਨੇ ਸੁਪਰੀਮ ਕੋਰਟ ਦਾ ਜ਼ਿਕਰ ਕਰ ਕੇ ਦਿੱਤੇ ਰਾਹੁਲ ਗਾਂਧੀ ਦੇ ਇਸ ਬਿਆਨ ਨੂੰ ਆਧਾਰ ਬਣਾ ਕੇ ਮਾਣਹਾਨੀ ਕੇਸ ਦਾਇਰ ਕੀਤਾ ਸੀ। ਇਸ ਪਿੱਛੋਂ ਰਾਹੁਲ ਗਾਂਧੀ ਨੇ ਗ਼ਲਤੀ ਮੰਨ ਕੇਅਫ਼ਸੋਸ ਪ੍ਰਗਟ ਕੀਤਾ ਸੀ,ਪਰ ਮਾਫ਼ੀ ਨਹੀਂ ਮੰਗੀ ਸੀ। 30 ਅਪ੍ਰੈਲ ਨੂੰ ਪਿਛਲੀ ਸੁਣਵਾਈ ਮੌਕੇ ਜਦੋਂ ਅਦਾਲਤ ਨੇ ਸਾਫਮਾਫ਼ੀ ਨਾ ਮੰਗਣਦੀ ਨਾਰਾਜ਼ਗੀ ਪ੍ਰਗਟ ਕੀਤੀ ਤਾਂ ਰਾਹੁਲ ਦੇ ਵਕੀਲ ਅਭਿਸ਼ੇਕ ਮਨੂ ਸਿੰਘਵੀ ਨੇ ਨਵਾਂਐਫੀਡੇਵਿਟਪੇਸ਼ ਕਰਨ ਦੀ ਆਗਿਆ ਮੰਗੀ ਸੀ। ਅਦਾਲਤ ਨੇ ਬੇਨਤੀ ਮੰਨਦੇ ਹੋਏ ਐਫੀਡੇਵਿਟ ਪੇਸ਼ ਕਰਨ ਦੀ ਆਗਿਆ ਦੇ ਦਿੱਤੀ, ਪ੍ਰੰਤੂ ਸਾਫ਼ ਕੀਤਾ ਕਿ ਐਫੀਡੇਵਿਟ ਮਨਜ਼ੂਰ ਹੋਣ ਉੱਤੇਹੀ ਅਦਾਲਤ ਅੱਗੇ ਸੁਣਵਾਈਬਾਰੇਸੋਚ ਸਕੇਗੀ।

ਇਸ ਹੁਕਮ ਦੀ ਪਾਲਣਾ ਕਰਦੇ ਹੋਏ ਰਾਹੁਲ ਗਾਂਧੀ ਨੇ ਅੱਜ ਨਵੇਂਐਫੀਡੇਵਿਟਨਾਲ ਬਿਨਾਂ ਸ਼ਰਤ ਮੁਆਫ਼ੀ ਮੰਗੀ ਤੇ ਕਿਹਾ ਹੈ ਕਿ ਉਹ ਸੁਪਰੀਮ ਕੋਰਟ ਦਾ ਬਹੁਤ ਸਨਮਾਨ ਕਰਦੇ ਹਨ, ਉਨ੍ਹਾਂ ਦਾ ਕਦੇ ਵੀ ਸਿੱਧੇ-ਅਸਿੱਧੇ ਤੌਰ ਉੱਤੇਐਸਾ ਕੋਈ ਕੰਮ ਕਰਨ ਦਾ ਇਰਾਦਾ ਨਹੀਂਸੀ, ਜਿਸ ਨਾਲ ਨਿਆਂ ਪ੍ਰਕਿਰਿਆ ਵਿਚ ਕੋਈ ਦਖਲ ਹੋਵੇ। ਉਨ੍ਹਾਂ ਕਿਹਾ ਕਿ ਕੋਰਟ ਦੇ ਨਾਂ ਉੱਤੇ ਗ਼ਲਤ ਬਿਆਨੀ ਕਰਨ ਦੇ ਲਈ ਉਹ ਬਿਨਾਂ ਸ਼ਰਤ ਮਾਫ਼ੀ ਮੰਗਦੇ ਹਨ। ਰਾਹੁਲ ਗਾਂਧੀ ਨੇ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਕਿ ਉਹ ਉਸ ਦਾ ਐਫੀਡੇਵਿਟ ਮਨਜ਼ੂਰ ਕਰ ਕੇ ਉਨ੍ਹਾਂ ਵਿਰੁੱਧ ਮਾਣਹਾਨੀ ਦਾ ਕੇਸ ਬੰਦ ਕਰ ਦੇਵੇ।

ਆਪਣੇ ਪਿਛਲੇ ਦੋ ਐਫੀਡੇਵਿਟਸ ਵਿੱਚ ਰਾਹੁਲ ਗਾਂਧੀ ਨੇ ਗ਼ਲਤੀ ਮੰਨੀ ਤੇ ਅਦਾਲਤ ਦੇ ਨਾਂ ਉੱਤੇ ਗ਼ਲਤ ਬਿਆਨੀ ਦਾ ਅਫ਼ਸੋਸ ਪ੍ਰਗਟ ਕਰਨ ਦੇ ਨਾਲ ਲੰਬਾ ਚੌੜਾ ਸਪੱਸ਼ਟੀਕਰਨ ਦਿੱਤਾ ਸੀ, ਪ੍ਰੰਤੂ ਸਿੱਧੀ ਮਾਫ਼ੀ ਨਹੀਂ ਮੰਗੀ ਸੀ। ਓਦੋਂ ਉਨ੍ਹਾਂ ਨੇ 'ਚੌਕੀਦਾਰ ਚੋਰ ਹੈ' ਨੂੰ ਸਿਆਸੀ ਨਾਅਰਾ ਕਿਹਾ ਅਤੇ ਭਾਜਪਾ ਉੱਤੇ ਰਾਫੇਲ ਮੁੱਦੇ ਦਾ ਸਿਆਸੀਕਰਨ ਕਰਨ ਦਾ ਦੋਸ਼ ਲਾਇਆ ਸੀ। ਇਸ ਉੱਤੇ ਅਦਾਲਤ ਨੇ ਨਾਰਾਜ਼ਗੀ ਨਾਲ ਕਿਹਾ ਸੀ ਕਿ ਸਿਆਸੀ ਨਾਅਰੇ ਨਾਲ ਅਦਾਲਤ ਦਾ ਕੋਈ ਲੈਣਾ-ਦੇਣਾ ਨਹੀਂ, ਉਹ ਉਸ ਨੂੰ ਆਪਣੇ ਕੋਲ ਰੱਖਣ। ਅਦਾਲਤ ਨੇਕਿਹਾ ਸੀ ਕਿ ਉਸ ਨੂੰ ਨਹੀਂ ਸਮਝ ਪੈਂਦਾ ਕਿ ਰਾਹੁਲ ਗਾਂਧੀ ਇਸ ਐਫੀਡੇਵਿਟ ਵਿੱਚ ਕੀ ਕਹਿਣਾ ਚਾਹੁੰਦੇ ਹਨ। ਮੀਨਾਕਸ਼ੀ ਲੇਖੀ ਨੇ ਪਟੀਸ਼ਨ ਵਿਚਕਿਹਾ ਸੀ ਕਿ ਅਦਾਲਤ ਨੇ ਰਾਫੇਲ ਕੇਸ ਦੇ ਫ਼ੈਸਲੇ ਵਿਚ ਕਦੇ ਨਹੀਂਸੀ ਕਿਹਾ ਕਿ 'ਚੌਕੀਦਾਰ ਚੋਰ ਹੈ', ਰਾਹੁਲ ਗਾਂਧੀ ਨੇ ਕੋਰਟ ਦੇ ਨਾਂ ਉੱਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਬਾਰੇ 'ਚੌਕੀਦਾਰ ਚੋਰ ਹੈ' ਦਾ ਬਿਆਨ ਦੇ ਕੇ ਲੋਕਾਂ ਨੂੰ ਗੁਮਰਾਹ ਕੀਤਾ ਹੈ। ਇਸ ਦੇ ਲਈ ਰਾਹੁਲ ਉੱਤੇ ਮਾਣਹਾਨੀ ਦਾ ਕੇਸ ਚਲਾਇਆ ਜਾਏ। ਅਦਾਲਤ ਨੇ ਅਰਜ਼ੀ ਉੱਤੇ ਪਹਿਲੇ ਹੀ ਦਿਨ ਸੁਣਵਾਈ ਮੌਕੇਸਾਫ ਕਰ ਦਿੱਤਾ ਸੀ ਕਿ ਅਦਾਲਤ ਨੇ ਕਦੇ ਇਹ ਗੱਲ ਨਹੀਂ ਕਹੀ, ਅਦਾਲਤ ਦਾ ਆਦੇਸ਼ ਸਿਰਫ਼ ਰਾਫੇਲ ਕੇਸਦੇਕੁਝ ਦਸਤਾਵੇਜ਼ਾਂ ਨੂੰ ਮਨਜ਼ੂਰ ਕਰਨ ਦੇ ਕਾਨੂੰਨੀ ਮੁੱਦੇ ਉੱਤੇ ਸੀ। ਅਦਾਲਤ ਦਾ ਨਾਂ ਲੈ ਕੇ ਦਿੱਤੇ ਬਿਆਨ ਉੱਤੇ ਅਦਾਲਤ ਨੇ ਰਾਹੁਲ ਤੋਂ ਸਪੱਸ਼ਟੀਕਰਨ ਮੰਗਿਆ ਸੀ। 10 ਮਈ ਨੂੰ ਸੁਪਰੀਮ ਕੋਰਟ ਰਾਹੁਲ ਗਾਂਧੀ ਦੇ ਮਾਣਹਾਨੀ ਕੇਸਦੇ ਨਾਲ ਰਾਫੇਲਬਾਰੇ ਫ਼ੈਸਲੇ ਦੇ ਖ਼ਿਲਾਫ਼ ਦਾਖਲ ਯਸ਼ਵੰਤ ਸਿਨਹਾ, ਅਰੁਣ ਸ਼ੌਰੀ, ਪ੍ਰਸ਼ਾਂਤ ਭੂਸ਼ਣ ਆਦਿ ਪਟੀਸ਼ਨਾਂਦੀ ਵੀ ਸੁਣਵਾਈ ਕਰੇਗੀ।

# ਬਾਦਲ ਦੇ ਘਰ ਅੱਗੇ ਪ੍ਰਦਰਸ਼ਨ ਕਰਦੀਆਂ ਸਿੱਖ ਜਥੇਬੰਦੀਆਂ ਆਪੋ ਵਿੱਚ ਭਿੜ ਪਈਆਂ

### * ਇਕ ਦੂਸਰੇ ਉੱਤੇ ਕ੍ਰਿਪਾਨਾਂ ਤੇ ਡਾਂਗਾਂ ਨਾਲ ਹਮਲਾ



ਮੁਕਤਸਰ ਸਾਹਿਬ, 8 ਮਈ, (ਪੋਸਟ ਬਿਊਰੋ)- ਪਾਰਲੀਮੈਂਟ ਚੋਣਾਂ ਵਿੱਚ ਜ਼ਿਲ੍ਹੇ ਦੇ ਬਾਦਲ ਪਿੰਡ ਵਿੱਚ ਬੁੱਧਵਾਰ ਸ਼ਾਮ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਘਰ ਅੱਗੇ ਸਿੱਖ ਪ੍ਰਦਰਸ਼ਨਕਾਰੀਆਂ ਦਾ ਆਪੋ ਵਿੱਚਭੇੜ ਹੋ ਗਿਆ। ਇਹ ਲੋਕ ਬਰਗਾੜੀ ਕਾਂਡ ਬਾਰੇ ਸਾਬਕਾ ਮੁੱਖ ਮੰਤਰੀ ਬਾਦਲ ਦੇ ਖ਼ਿਲਾਫ਼ ਪ੍ਰਦਰਸ਼ਨ ਕਰਨ ਗਏ ਸਨ। ਇਸ ਮੌਕੇ ਉਨ੍ਹਾਂ ਇਕ-ਦੂਜੇ ਉੱਤੇ ਕ੍ਰਿਪਾਨਾਂ ਤੇ ਡਾਂਗਾਂ ਨਾਲ ਹਮਲਾ ਕਰ ਦਿੱਤਾ ਤਾਂ ਕਈ ਲੋਕ ਜ਼ਖ਼ਮੀ ਹੋ ਗਏ।


ਵਰਨਣ ਯੋਗ ਹੈ ਕਿ ਸਿੱਖ ਜੱਥੇਬੰਦੀਆਂ ਨੇ ਬੇਅਦਬੀ ਦੀਆਂ ਘਟਨਾਵਾਂ ਵਿੱਚ ਇਨਸਾਫ ਦੀ ਮੰਗ ਬਾਰੇ ਬਰਗਾੜੀ ਤੋਂ ਮਾਰਚ ਸ਼ੁਰੂ ਕੀਤਾ ਸੀ ਅਤੇ ਇਹ ਮਾਰਚ ਬੁੱਧਵਾਰ ਕਰੀਬ ਸਾਢੇ ਤਿੰਨ ਵਜੇ ਪਿੰਡ ਬਾਦਲ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਰਿਹਾਇਸ਼ ਕੋਲ ਪੁੱਜਾ ਸੀ। ਉਨ੍ਹਾਂ ਦੇ ਘਰ ਸਾਹਮਣੇ ਸਿੱਖ ਜੱਥੇਬੰਦੀਆਂ ਨੇ ਕਰੀਬ ਡੇਢ ਘੰਟੇ ਤਕ ਪ੍ਰਦਰਸ਼ਨ ਕੀਤਾ ਤੇਫਿਰ ਧਰਨਾ ਸ਼ੁਰੂ ਕੀਤਾ। ਇਸ ਮੌਕੇ ਭਾਸ਼ਣ ਦੇਣ ਤੋਂ ਵਿਵਾਦ ਹੋ ਗਿਆ। ਬਲਜੀਤ ਸਿੰਘ ਦਾਦੂਵਾਲ ਅਤੇ ਸਤਿਕਾਰ ਕਮੇਟੀ ਦੇ ਸੁਖਜੀਤ ਸਿੰਘ ਖੋਸਾ ਦੇ ਸਮਰਥਕ ਮਾਈਕ ਉੱਤੇ ਬੋਲਣ ਵਾਸਤੇ ਆਪੋ ਵਿੱਚਭਿੜ ਗਏ ਅਤੇ ਦੇਖਦੇ ਹੀ ਦੇਖਦੇ ਇਸ ਭੇੜ ਨੇ ਹਿੰਸਕ ਰੂਪ ਧਾਰ ਲਿਆ। ਉਨ੍ਹਾਂ ਲੋਕਾਂ ਨੇ ਇਕ-ਦੂਜੇ ਉੱਤੇ ਹਮਲਾ ਬੋਲ ਦਿੱਤਾ ਅਤੇ ਇਸ ਨਾਲ ਦੋਵਾਂ ਪੱਖਾਂ ਦੇ ਕਈ ਲੋਕ ਜ਼ਖ਼ਮੀ ਹੋ ਗਏ। ਬਲਜੀਤ ਸਿੰਘ ਤੇ ਸੁਖਜੀਤ ਸਿੰਘ ਨੂੰ ਵੀ ਸੱਟਾਂ ਲੱਗੀਆਂ ਹਨ। ਪ੍ਰਦਰਸ਼ਨ ਕਰਨ ਵਾਲਿਆਂ ਨੇ ਕ੍ਰਿਪਾਨਾਂ ਤੇ ਡਾਂਗਾਂ ਨਾਲ ਇਕ-ਦੂਜੇ ਉੱਤੇ ਵਾਰ ਕੀਤਾ।

## 10ਵੀਂ ਦੀ ਪ੍ਰੀਖਿਆ ਦੌਰਾਨ ਗੁਜ਼ਰ ਗਏ ਸ੍ਰੀਧਰ ਦੇ ਤਿੰਨ ਵਿਸ਼ਿਆਂ ਵਿੱਚ ਲਗਭਗ 100 ਨੰਬਰ ਮਿਲੇ

ਨਵੀਂ ਦਿੱਲੀ, 8 ਮਈ (ਪੋਸਟ ਬਿਊਰੋ)- ਸੀ ਬੀ ਐਸ ਈ (ਸੈਕੰਡਰੀ ਵਿਦਿਆ ਬਾਰੇ ਕੇਂਦਰੀ ਬੋਰਡ) ਦੀ 10ਵੀਂ ਜਮਾਤ ਦੀ ਪ੍ਰੀਖਿਆ 'ਚ ਤਿੰਨ ਵਿਸ਼ਿਆਂ ਦੇ ਪੇਪਰਾਂ 'ਚ ਨੋਇਡਾ ਦੇ ਵਿਨਾਇਕ ਸ੍ਰੀਧਰ ਨੇ ਹਰ ਪੇਪਰ 'ਚੋਂ ਲਗਭਗ 100 ਨੰਬਰ ਹਾਸਲ ਕੀਤੇ, ਪਰ ਅਜੇ ਉਸ ਦੇ ਦੋ ਪੇਪਰ ਰਹਿੰਦੇ ਸਨ ਕਿ ਉਸ ਦੀ ਮੌਤ ਹੋ ਗਈ।

ਕੱਲ੍ਹ ਸੀ ਬੀ ਐਸ ਈ ਵੱਲੋਂ ਐਲਾਨੇ ਨਤੀਜੇ 'ਚ ਸ੍ਰੀਧਰ ਨੂੰ ਅੰਗਰੇਜ਼ੀ 'ਚ 100, ਸਾਇੰਸ 'ਚ 96 ਅਤੇ ਸੰਸਕ੍ਰਿਤ ਵਿੱਚ 97 ਨੰਬਰ ਮਿਲੇ। ਉਹ ਕੰਪਿਊਟਰ ਸਾਇੰਸ ਅਤੇ ਸਮਾਜਿਕ ਸਿੱਖਿਆ ਦੇ ਪੇਪਰ ਨਹੀਂ ਦੇ ਸਕਿਆ। ਸ੍ਰੀਧਰ ਬਚਪਨ ਤੋਂ ਹੀ ਮਸਕੁਲਰ ਡਾਇਸਥ੍ਰੋਪੀ ਨਾਂਅ ਦੀ ਬੀਮਾਰੀ ਤੋਂ ਪੀੜਤ ਸੀ ਅਤੇ ਚਲ ਫਿਰ ਨਹੀਂ ਸਕਦਾ ਸੀ ਅਤੇ ਵੀਲ੍ਹਚੇਅਰ 'ਤੇ ਰਹਿੰਦਾ ਸੀ। ਉਸ ਦੀ ਇੱਛਾ ਇਕ ਪੁਲਾੜ ਯਾਤਰੀ ਬਣਨ ਅਤੇ ਰਾਮੇਸ਼ਵਰਮ ਮੰਦਰ ਜਾਣ ਦੀ ਸੀ। ਉਸ ਦੀ ਮਾਤਾ ਮਮਤਾ ਸ੍ਰੀਧਰ ਨੇ ਦੱਸਿਆ ਕਿ ਉਹ ਹੌਲੀ ਲਿਖ ਸਕਦਾ ਸੀ, ਇਸ ਕਰਕੇ ਪ੍ਰੀਖਿਆ ਦੌਰਾਨ ਅੰਗਰੇਜ਼ੀ ਅਤੇ ਸਾਇੰਸ ਦੇ ਪੇਪਰ 'ਚ ਲਿਖਣ ਲਈ ਉਸ ਨੂੰ ਹੋਰ ਵਿਅਕਤੀ ਦੀ ਮਦਦ ਦਿੱਤੀ ਗਈ ਸੀ, ਪਰ ਸੰਸਕ੍ਰਿਤ ਦਾ ਪੇਪਰ ਉਸ ਨੇ ਖੁਦ ਲਿਖਿਆ ਸੀ। ਸ੍ਰੀਧਰ ਦੀ ਮਾਂ ਨੇ ਦੱਸਿਆ ਕਿ ਉਸ ਦਾ ਦਿਮਾਗ ਬਹੁਤ ਤੇਜ਼ ਸੀ ਅਤੇ ਉਸ ਦੇ ਸੁਪਨੇ ਬਹੁਤ ਉਚੇ ਸਨ।

# ਸੁਪਰੀਮ ਕੋਰਟ ਨੇ ਤੇਜ਼ ਬਹਾਦਰ ਦੀਆਂ ਸ਼ਿਕਾਇਤਾਂ ਘੋਖਣ ਲਈ ਚੋਣ ਕਮਿਸ਼ਨ ਨੂੰ ਕਿਹਾ



ਨਵੀਂ ਦਿੱਲੀ, 8 ਮਈ, (ਪੋਸਟ ਬਿਊਰੋ)- ਨੌਕਰੀ ਤੋਂ ਬਰਖ਼ਾਸਤ ਕੀਤੇ ਗਏ ਬੀ ਐੱਸ ਐੱਫ ਜਵਾਨ ਅਤੇ ਸਮਜਾਵਾਦੀ-ਬਸਪਾ ਗਠਜੋੜ ਦੇ ਵਾਰਾਣਸੀ ਤੋਂ ਉਮੀਦਵਾਰ ਬਣਾਏ ਗਏ ਤੇਜ਼ ਬਹਾਦਰ ਯਾਦਵ ਦੀ ਨਾਮਜ਼ਦਗੀ ਰੱਦ ਹੋਣ ਵਾਲੇ ਕੇਸਵਿੱਚ ਸੁਣਵਾਈ ਲਈ ਸੁਪਰੀਮ ਕੋਰਟਤਿਆਰ ਹੋ ਗਈ ਹੈ। ਕੋਰਟ ਨੇ ਚੋਣ ਕਮਿਸ਼ਨ ਨੂੰ ਕਿਹਾ ਹੈ ਕਿ ਉਹ ਤੇਜ਼ ਬਹਾਦਰ ਯਾਦਵ ਦੀ ਨਾਮਜ਼ਦਗੀ ਰੱਦ ਕਰਨ ਦੇ ਖ਼ਿਲਾਫ਼ ਸ਼ਿਕਾਇਤ ਉੱਤੇਵਿਚਾਰ ਕਰੇ ਤੇ ਜਵਾਬ ਪੇਸ਼ ਕਰੇ।

ਵਰਨਣ ਯੋਗ ਹੈ ਕਿ ਤੇਜ਼ ਬਹਾਦਰ ਯਾਦਵ ਨੇ ਨਾਮਜ਼ਦਗੀ ਰੱਦ ਕਰਨ ਦੇ ਚੋਣ ਅਧਿਕਾਰੀ ਦੇ ਪਹਿਲੀ ਮਈ ਵਾਲੇ ਫ਼ੈਸਲੇ ਦੇ ਖ਼ਿਲਾਫ਼ ਸੋਮਵਾਰ ਨੂੰ ਸੁਪਰੀਮ ਕੋਰਟ ਵਿੱਚ ਅਪੀਲ ਕੀਤੀ ਅਤੇ ਚੋਣ ਅਧਿਕਾਰੀ ਦਾ ਫ਼ੈਸਲਾ ਰੱਦ ਕਰ ਕੇ ਚੋਣ ਲੜਨ ਦੀ ਇਜਾਜ਼ਤ ਮੰਗੀ ਸੀ। ਵਾਰਾਨਸੀ ਵਿੱਚ ਆਖ਼ਰੀ ਗੇੜ ਵਿੱਚ 19 ਮਈ ਨੂੰ ਵੋਟਾਂ ਪੈਣੀਆਂ ਹਨ। ਯਾਦਵ ਨੇ ਅਪੀਲ ਵਿੱਚ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜਿੱਤ ਯਕੀਨੀ ਕਰਨ ਦੀ ਸੋਚ ਨਾਲ ਉਨ੍ਹਾਂ ਦੀ ਨਾਮਜ਼ਦਗੀ ਰੱਦ ਕੀਤੀ ਗਈ ਹੈ। ਉਹ ਵਾਰਾਨਸੀ ਲੋਕ ਸਭਾ ਹਲਕੇ ਤੋਂ ਸਮਾਜਵਾਦੀ ਪਾਰਟੀ ਵੱਲੋਂ ਚੋਣ ਮੈਦਾਨ ਵਿੱਚ ਸਨ।

ਅਸਲ ਵਿੱਚ ਇਹ ਉਹੀ ਤੇਜ਼ ਬਹਾਦਰ ਹੈ, ਜਿਨ੍ਹਾਂ ਨੇ ਜਵਾਨਾਂ ਨੂੰ ਖ਼ਰਾਬ ਖਾਣਾ ਦਿੱਤੇ ਜਾਣ ਸਬੰਧੀ ਇਕ ਵੀਡੀਓ ਇੰਟਰਨੈੱਟ ਉੱਤੇ ਪਾਇਆ ਸੀ, ਇਸ ਪਿੱਛੋਂ 2017 ਵਿੱਚ ਉਸ ਨੂੰ ਨੌਕਰੀ ਤੋਂਕੱਢ ਦਿੱਤਾ ਗਿਆ ਸੀ। ਇਸ ਕੇਸ ਵਿੱਚ ਚੋਣ ਕਮਿਸ਼ਨ ਨੇ ਕਿਹਾ ਸੀ ਕਿ ਤੇਜ਼ ਬਹਾਦਰ ਯਾਦਵ ਸਰਟੀਫਿਕੇਟ ਪੇਸ਼ ਨਹੀਂ ਕਰ ਸਕਿਆ।ਚੋਣ ਕਾਨੂੰਨ ਤਹਿਤ ਉਸ ਨੂੰ ਇਸ ਬਾਰੇ ਸਰਟੀਫਿਕੇਟ ਦੇਣਾ ਜ਼ਰੂਰੀ ਸੀ ਕਿ ਉਨ੍ਹਾਂ ਨੂੰ ਭ੍ਰਿਸ਼ਟਾਚਾਰ ਜਾਂਦੇਸ਼ਵਾਸਤੇ ਪ੍ਰਤੀਬੱਧਤਾ ਦੀ ਘਾਟ ਕਾਰਨ ਬਰਖ਼ਾਸਤ ਨਹੀਂ ਕੀਤਾ ਗਿਆ। ਉਸ ਨੇ ਅਪੀਲ ਵਿੱਚ ਕਿਹਾ ਹੈ ਕਿ ਉਨ੍ਹਾਂ ਨੇ ਨਾਮਜ਼ਦਗੀ ਪੱਤਰ ਵਿੱਚ ਸਾਫਲਿਖਿਆ ਸੀ ਕਿ ਉਨ੍ਹਾਂ ਨੂੰ ਅਨੁਸ਼ਾਸਨਹੀਨਤਾ ਵਿੱਚ ਬੀ ਐੱਸ ਐੱਫ ਤੋਂ ਬਰਖ਼ਾਸਤ ਕੀਤਾ ਗਿਆ ਹੈ ਅਤੇ ਇਹਚੋਣ ਕਾਨੂੰਨ ਹੇਠਨਹੀਂ ਆਉਂਦਾ। ਉਨ੍ਹਾਂ ਇਹ ਵੀ ਕਿਹਾ ਕਿ ਇਸ ਲਈ ਚੋਣ ਕਮਿਸ਼ਨ ਤੋਂ ਸਰਟੀਫਿਕੇਟ ਲੈਣ ਦੀ ਲੋੜ ਨਹੀਂ।

# ਪਾਕਿਸਤਾਨ ਦੀ ਦਰਗਾਹ ਵਿੱਚ ਆਤਮਘਾਤੀ ਹਮਲਾ, ਪੰਜ ਪੁਲਿਸ ਵਾਲਿਆਂ ਸਣੇ ਅੱਠ ਮੌਤਾਂ



ਲਾਹੌਰ, 8 ਮਈ, (ਪੋਸਟ ਬਿਊਰੋ)- ਪਾਕਿਸਤਾਨ ਦੇ ਲਾਹੌਰ ਵਿੱਚ ਸੂਫ਼ੀ ਦਰਗਾਹ ਅੱਗੇ ਇਕ ਧਮਾਕਾ ਹੋਣ ਨਾਲ ਕਈ ਲੋਕਾਂ ਦੇ ਮਰਨਅਤੇ ਕਈ ਹੋਰ ਲੋਕਾਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਆਈ ਹੈ। ਇਸ ਸੰਬੰਧ ਵਿੱਚ ਪਾਕਿਸਤਾਨੀ ਮੀਡੀਆ ਦੇ ਹਵਾਲੇ ਨਾਲ ਮਿਲੀਆਂ ਖ਼ਬਰਾਂ ਅਨੁਸਾਰ ਲਾਹੌਰ ਦੀ ਮਸ਼ਹੂਰ ਦਾਤਾ ਦਰਬਾਰ ਦਰਗਾਹ ਮੂਹਰੇ ਬੁੱਧਵਾਰ ਸਵੇਰੇ ਇਕ ਜ਼ੋਰਦਾਰ ਬੰਬ ਧਮਾਕਾ ਹੋਇਆ ਹੈ।ਇਸ ਵਿੱਚ 8 ਲੋਕਾਂ ਦੇ ਮਰਨ ਦੀ ਸੂਚਨਾ ਹੈ, ਜਿਸ ਵਿੱਚ 5 ਪੁਲਿਸ ਵਾਲੇ ਸ਼ਾਮਲ ਹਨ। ਹਸਪਤਾਲ ਦੇ ਸੂਤਰਾਂ ਨੇ ਕਿਹਾ ਕਿ ਧਮਾਕੇ ਵਿੱਚ 25 ਤੋਂਵੱਧ ਲੋਕ ਗੰਭੀਰ ਜ਼ਖ਼ਮੀ ਹੋਏ ਹਨ। ਪਾਕਿ-ਸਤਾਨ ਵਿੱਚ ਇਹ ਬੰਬ ਧਮਾਕਾ ਰਮਜ਼ਾਨ ਮਹੀਨਾ ਸ਼ੁਰੂ ਹੁੰਦੇ ਸਾਰਹੋ ਗਿਆ ਹੈ।ਪੰਜਾਬ ਪੁਲਿਸ ਦੇ ਆਈਜੀ ਨੇ ਬਿਆਨਦਿੱਤਾ ਹੈਕਿ ਇਸ ਆਤਮਘਾਤੀ ਹਮਲੇ ਵਿੱਚਇਲੀਟ ਫੋਰਸ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਹਮਲੇ ਵਿੱਚ 8 ਲੋਕਾਂ ਦੀ ਮੌਤ ਹੋ ਗਈ ਅਤੇ 25 ਤੋਂਵੱਧ ਜ਼ਖ਼ਮੀ ਹੋ ਗਏ ਹਨ।

ਦੱਸਿਆ ਗਿਆ ਹੈ ਕਿ ਹਮਲਾ ਕਰਨ ਵਾਲੇ ਘੱਟ ਉਮਰ ਦੇ ਨੌਜਵਾਨ ਸਨ ਤੇ ਇਲੀਟ ਫੋਰਸ ਦੀ ਗੱਡੀ ਨੂੰ ਨਿਸ਼ਾਨਾ ਬਣਾਉਣ ਆਏ ਸਨ। ਧਮਾਕੇ ਵਿੱਚ ਮਰਨ ਵਾਲਿਆਂ ਵਿੱਚ 2 ਬੱਚੇ ਵੀ ਹਨ। ਇਸ ਬੰਬ ਧਮਾਕੇ ਮਗਰੋਂ ਸਾਰੇ ਜ਼ਖ਼ਮੀਆਂ ਨੂੰ ਇਲਾਜ ਲਈ ਹਸਪਤਾਲਾਂ ਵਿੱਚ ਭਾਰਤੀ ਕਰਾਇਆ ਗਿਆ, ਜਿੱਥੇ ਕੁਝ ਲੋਕਾਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਹਾਲ ਦੀ ਘਵੀ ਕਿਸੇ ਸੰਗਠਨ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ।

## ਸੁਲਤਾਨ-ਉਲ-ਕੌਮ ਬਾਬਾ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ-ਦਿਹਾੜਾ 12 ਮਈ ਨੂੰ ਮਨਾਇਆ ਜਾਏਗਾ

ਬਰੈਂਪਟਨ, (ਡਾ. ਝੰਡ) -ਪ੍ਰਾਪਤ ਸੂਚਨਾ ਅਨੁਸਾਰ ਸੁਲਤਾਨ-ਉਲ-ਕੌਮ ਬਾਬਾ ਜੱਸਾ ਸਿੰਘ ਆਹਲੂਵਾਲੀਆ ਦਾ ਸ਼ੁਭ ਜਨਮ-ਦਿਹਾੜਾ ਆਹਲੂਵਾਲੀਆ ਐਸੋਸੀਏਸ਼ਨ ਆਫ਼ ਨਾਰਥ ਅਮੇਰਿਕਾ ਵੱਲੋਂ 12 ਮਈ ਦਿਨ ਐਤਵਾਰ ਨੂੰ ਸਵੇਰੇ 10.00 ਵਜੇ ਤੋਂ ਦੁਪਹਿਰ 12.00 ਵਜੇ ਤੀਕ ਗੁਰਦੁਆਰਾ ਸਾਹਿਬ ਸਿੰਘ ਸਭਾ ਮਾਲਟਨ (ਕੈਨੇਡਾ) ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਏਗਾ।

ਸਵੇਰੇ 10.00 ਵਜੇ ਸੁਖਮਨੀ ਸਾਹਿਬ ਦੇ ਪਾਠ ਆਰੰਭ ਹੋਵੇਗਾ ਜਿਸ ਦੇ ਭੋਗ ਉਪਰੰਤ ਦੀਵਾਨ ਸਜਾਏ ਜਾਣਗੇ। ਦੀਵਾਨ ਵਿਚ ਰਾਗੀ ਸਿੰਘਾਂ ਵੱਲੋਂ ਕੀਰਤਨ ਹੋਵੇਗਾ ਅਤੇ ਕਥਾ-ਵਾਚਕ ਬਾਬਾ ਜੱਸਾ ਸਿੰਘ ਜੀ ਦੇ ਜੀਵਨ ਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਸਬੰਧੀ ਸੰਗਤਾਂ ਨੂੰ ਜਾਣਕਾਰੀ ਦੇਣਗੇ। ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਲਈ ਸਮਾਗ਼ਮ ਦੇ ਪ੍ਰਬੰਧਕਾਂ ਟੌਮੀ ਵਾਲੀਆ ਨੂੰ 647-242-8100, ਕਿੰਗ ਵਾਲੀਆ ਨੂੰ 416-804-4122, ਵਿਸ਼ ਵਾਲੀਆ ਨੂੰ 647-330-1664 ਜਾਂ ਜੱਸ ਵਾਲੀਆ ਨੂੰ 905-872-6003 'ਤੇ ਸੰਪਰਕ ਕੀਤਾ ਜਾ ਸਕਦਾ ਹੈ।








**Paramjit Deol** Broker

**CELL: 416-993-7378**

7071 Airport Rd, Suit 201, Mississauga, ON



1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484

www.paramjitdeol.com

Email: pdeol3@yahoo.ca

**Your neighborhood broker, Call Paramjit Deol Today**

**TORONTO $6.99/Sq Ft**



**22 Arrow Rd 1:** Rear Freestanding Building, Approx. 7,000 Sq Ft, Zoning Allows For Industrial, Retail & Outside Storage. Currently Operating As A Furniture Store. Located In High Demand Area.

**Chatham-Kent $85,000**



**2 Chittim Rd 408 :** Excellent Opportunity For Investors & 1st Time Buyers, Excellent Location, Low Maintenance, Close To Downtown & To Hwy 401, Currently Tenanted Property, Low Maintenance Fee.

**TORONTO $140,000**



**45 Four Winds Dr :** Pizza Store For Sale In A Busy Mall Steps To York University, Tons Of Foot Traffic, Walking Distance From Kids Schools, Residential Apartments/ Condos Minutes Away.

**BRAMPTON $169,900**

Photo Not Available

**537 Van Kirk Dr 110 :** Turn Key Operation, Well-Established Pets Pizzeria, No Franchise Fees Or Royalty, Low Rent Of $2,700. Situated In A good Neighborhood, Sales Of $30,000 Per Month.

**BRAMPTON $195,900**

Photo Not Available

**2070 Steeles Ave 18:** Turn Key Operation, Well Established Truck Repair Shop, Located In Brampton. Be Your Own Boss Today. Situated On A Very Busy Street With Tons Of Trucks Passing By Daily, Great Clientele, Sales Are $55,000 Per Month As Per Seller.

**BRAMPTON $199,900**

Photo Not Available

**8770 The Gore Rd 6 :** Turn Key Operation, Well Established Sri Lankan & South Indian Restaurant, Be Your Own Boss Today, Situated In A Very Busy Plaza, Surrounded By Thousands Of Homes, High Traffic Flow.

**BRAMPTON $199,000**




**25 Cherrycrest Dr:** Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Money Making Opportunity, Sales Are $55,000 Per Month

**BRAMPTON $369,000**



**15 Brisdale Dr 7&8 :** ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

**TORONTO $309,000**



**320 Dixon Rd 1715:** Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest.

**BRAMPTON $349,000**

SUBWAY eat fresh.

**3024 Hurontario St G7 :** Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

**BRAMPTON $449,000**



**315 Royal West Dr F & G :** Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,

**MISSISSAUGA $469,000**

Photo Not Available

**349 Rathburn Rd W 1601:** First Time Buyers & Investors Assignment Sale New Condo Project Located Just Few Minutes From Square One, Sheridan College, Movie Theater, Go Bus Terminal, Hey 403, Library, Restaurants And Many More Amenities.

**BRAMPTON $469,000**

Photo Not Available

**537 Van Kirk Dr 110:** For sale Please call 905-405-8484

**BRANTFORD $525,000**



**118&120 Morrell St:** Great Investment With Great Income!!! Located In Brantford , Total Space Of 4,000 Sq Ft. 2,000 Sq Ft Of Storefront & 4 One Bedroom Apartments. All Are Currently Leased.

**MISSISSAUGA $629,000**

Photo Not Available

**7680 Benavon Rd:** Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

**BRAMPTON $779,000**




**9 Loftsmoor Dr:** Immaculate Semidetached Corner Lot With Lots Of Sunshine All Year Around, Plus An Over Sized Backyard, Gleaming Hardwood Floors & Upgraded Washrooms. Must See

*Canadian punjabi post assumes no responsibility for the accuracy of any information shown. Copyright Ppost 2019

# ਸਿਆਟਲ 'ਚ ਕੱਢੇ ਗਏ ਨਗਰ ਕੀਰਤਨ ਦੀਆਂ ਝਲਕੀਆਂ









ਵਾਸ਼ਿਗਟਨ ਸਟੇਟ ਦੇ ਸਮੂਹ ਗੁਰਦੁਵਾਰਿਆਂ ਤੇ ਸੰਗਤ ਦੇ ਸਹਿਯੋਗ ਨਾਲ ਗੁਰਦੁਵਾਰਾ ਸਿੰਘ ਸਭਾ ਰੈਨਟਨ ਦੀ ਅਗਵਾਈ ਹੇਠ ਸੌਵੈਅਰ ਸੈਂਟਰ ਦੇ ਹਾਲ ਅਮਦਰ ਧਾਰਮਿਕ ਦੀਵਾਨ ਸਜਾਏ ਗਏ ਜਿਥੇ ਤੇ ਨਗਰ ਕੀਤਨ ਕੱਢਿਆ ਗਿਆ। ਇਸ ਮੌਕੇ ਵੱਖ-ਵੱਖ ਕੀਰਤਨੀ ਤੇ ਢਾਡੀ ਜੱਥਿਆਂ ਨੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸਿੱਖ ਕੌਮ ਦੇ ਵੱਖ-ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਨਗਰ ਕੀਰਤਨ 'ਚ 20 ਹਜ਼ਾਰ ਤੋਂ ਵੱਧ ਸੰਗਤ ਨੇ ਹਾਜ਼ਰੀ ਲਗਵਾਈ। (ਗੁਰਚਰਨ ਸਿੰਘ ਢਿੱਲੋਂ)

# ਕਰਤਾਰਪੁਰ ਲਾਂਘੇ ਦੀ ਉਸਾਰੀ ਲਈ 'ਦਰਸ਼ਨ ਸਥਾਨ' ਢਾਹਿਆ



ਗੁਰਦਾਸਪੁਰ, 8 ਮਈ (ਪੋਸਟ ਬਿਊਰੋ)- ਦੂਰਬੀਨ ਰਾਹੀਂ ਡੇਰਾ ਬਾਬਾ ਨਾਨਕ ਤੋਂ ਪਾਕਿਸਤਾਨ ਵਿਚਲੇ ਗੁਰਦ-ਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਬਣੇ 'ਦਰਸ਼ਨ ਸਥਾਨ' ਨੂੰ ਢਾਹੁਣ ਦੀ ਪ੍ਰਕਿਰਿਆ ਕੱਲ੍ਹ ਸ਼ੁਰੂ ਕਰ ਦਿੱਤੀ ਗਈ। ਸਾਢੇ ਤਿੰਨ ਮੀਟਰ ਉਚਾ, 20 ਫੁੱਟ ਲੰਬਾ ਅਤੇ 15 ਫੁੱਟ ਚੌੜਾ ਇਹ ਪਲੇਟਫਾਰਮ ਡੇਰਾ ਬਾਬਾ ਨਾਨਕ ਤੋਂ ਕਰਤਾਰਪੁਰ ਸਾਹਿਬ ਦੇ ਇਤਿਹਾਸਕ ਗੁਰਦੁਆਰੇ ਤੱਕ ਲਾਂਘਾ ਬਣਾਏ ਜਾਣ ਲਈ ਢਾਹਿਆ ਗਿਆ ਹੈ।

ਬਾਬਾ ਗੁਰਚਰਨ ਸਿੰਘ ਬੇਦੀ ਜਗਜੀਤ ਸਿੰਘ ਬੇਦੀ ਮੈਮੋਰੀਅਲ ਚੈਰੀਟੇਬਲ ਹਸਪਤਾਲ ਵੱਲੋਂ ਬਣਵਾਏ ਗਏ ਇਸ ਸਥਾਨ ਦਾ ਉਦਘਾਟਨ ਛੇ ਮਈ 2008 ਨੂੰ ਬੀ ਐਸ ਐਫ (ਪੰਜਾਬ ਫਰੰਟੀਅਰ) ਦੇ ਓਦੋਂ ਦੇ ਆਈ ਜੀ ਹਿੰਮਤ ਸਿੰਘ ਨੇ ਕੀਤਾ ਸੀ। ਇਸ ਸਥਾਨ ਤੋਂ ਲੱਖਾਂ ਸ਼ਰਧਾਲੂ ਕਰਤਾਰਪੁਰ ਸਾਹਿਬ ਦੇ ਗੁਰ-ਦੁਆਰੇ ਦੇ ਦੂਰਬੀਨ ਰਾਹੀਂ ਦਰਸ਼ਨ ਕਰ ਚੁੱਕੇ ਹਨ। ਲਾਂਘੇ ਦੀ ਉਸਾਰੀ ਕਰ ਰਹੀ ਪ੍ਰਾਈਵੇਟ ਕੰਪਨੀ ਸੀਗਲ ਇੰਡੀਆ ਲਿਮਟਿਡ ਦੇ ਉਪ ਪ੍ਰਧਾਨ ਜਤਿੰਦਰ ਸਿੰਘ ਵੱਲੋਂ ਦਰਸ਼ਨ ਸਥਾਨ ਦੀਆਂ ਦੂਰਬੀਨਾਂ ਬੀ ਐਸ ਐਫ ਨੂੰ ਸੌਂਪ ਦਿੱਤੀਆਂ ਗਈਆਂ ਹਨ। ਇਸ ਜਗ੍ਹਾ ਤੋਂ ਕਰਤਾਰਪੁਰ ਸਾਹਿਬ ਦੀ ਸਿੱਧੀ ਦੂਰੀ ਸਾਢੇ ਚਾਰ ਕਿਲੋਮੀਟਰ ਹੈ। ਵਰਨਣ ਯੋਗ ਹੈ ਕਿ ਸ਼ਰਧਾਲੂਆਂ ਨੂੰ ਅਪ੍ਰੈਲ ਦੇ ਆਖਰੀ ਹਫਤੇ ਸੂਚਿਤ ਕਰ ਦਿੱਤਾ ਗਿਆ ਸੀ ਕਿ ਉਹ ਛੇ ਮਈ ਤੱਕ ਏਥੋਂ ਕਰਤਾਰਪੁਰ ਸਾਹਿਬ ਦੇ ਗੁਰਦੁਆਰੇ ਦੇ ਦਰਸ਼ਨ ਕਰ ਸਕਦੇ ਹਨ। ਕੁਝ ਧਾਰਮਿਕ ਸੰਗਠਨਾਂ ਨੇ ਕੋਸ਼ਿਸ਼ ਕੀਤੀ ਸੀ ਕਿ ਇਸ ਸਥਾਨ ਨੂੰ ਕੁਝ ਦੇਰ ਹੋਰ ਨਾ ਤੋੜਿਆ ਜਾਵੇ, ਪਰ ਕੌਰੀਡੋਰ ਦੇ ਕੰਮ ਵਾਸਤੇ ਇਹ ਮੰਗ ਮੰਨੀ ਨਹੀਂ ਸੀ ਗਈ। ਅਗਲੇ ਤਿੰਨ ਮਹੀਨੇ ਵਿੱਚ ਸੌ ਮੀਟਰ ਪੁਲ ਦੀ ਉਸਾਰੀ ਵੀ ਸ਼ੁਰੂ ਜਾਵੇਗੀ। ਇਹ ਪੁਲ ਲਾਂਘੇ ਦਾ ਹਿੱਸਾ ਹੈ। ਭਾਰਤ ਵਾਲੇ ਪਾਸੇ ਲਾਂਘੇ ਦੇ ਕੰਮ ਸ਼ੁਰੂ ਹੋ ਚੁੱਕਾ ਹੈ ਤੇ ਇਹ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਹਾੜੇ ਦੇ ਨਵੰਬਰ ਵਿੱਚ ਹੋਣ ਵਾਲੇ ਸਮਾਗਮਾਂ ਤੋਂ ਪਹਿਲਾਂ ਸਤੰਬਰ ਦੇ ਆਖਰੀ ਹਫਤੇ ਪੂਰਾ ਹੋਣ ਦੀ ਆਸ ਹੈ।

# ਕੈਂਸਰ ਦੇ ਫਰਜ਼ੀ ਸਰਟੀਫਿਕੇਟ ਨਾਲ ਰਿਆਇਤੀ ਰੇਲ ਟਿਕਟ ਬੁੱਕ ਕਰਦੇ ਰਹੇ

ਮੁੰਬਈ, 8 ਮਈ (ਪੋਸਟ ਬਿਊਰੋ)- ਭੀੜ ਵਾਲੀਆਂ ਟਰੇਨਾਂ ਵਿੱਚ ਰਿਜ਼ਰਵ ਟਿਕਟ ਪਾਉਣ ਲਈ ਕੈਂਸਰ ਪੀੜਤ ਦੇ ਕੋਟੇ ਦੀ ਦੁਰਵਰਤੋਂ ਹੋ ਰਹੀ ਹੈ। ਪੱਛਮੀ ਰੇਲਵੇ ਨੇ ਟਿਕਟਾਂ ਦੀ ਬੁਕਿੰਗ ਵਿੱਚ ਧਾਂਦਲੀ ਕਰ ਰਹੇ ਇਕ ਰੈਕੇਟ ਦਾ ਪਰਦਾ ਫਾਸ਼ ਕੀਤਾ ਹੈ। ਇਸ ਵਿੱਚ ਸ਼ਾਮਲ ਲੋਕ ਰਿਆਇਤੀ ਦਰ ਉੱਤੇ ਕੰਫਰਮ ਟਿਕਟ ਲੈਣ ਲਈ ਕੈਂਸਰ ਵਾਲੇ ਮਰੀਜ਼ਾਂ ਦੇ ਫਰਜ਼ੀ ਸਰਟੀਫਿਕੇਟ ਦੀ ਵਰਤੋਂ ਕਰਦੇ ਰਹੇ ਸਨ। ਵਰਨਣ ਯੋਗ ਹੈ ਕਿ ਕੈਂਸਰ ਮਰੀਜ਼ਾਂ ਨੂੰ ਰੇਲਵੇ ਟਿਕਟਾਂ ਦੀ ਬੁਕਿੰਗ ਉਤੇ ਟਰੇਨ ਦੇ ਬੇਸਿਕ ਕਿਰਾਏ 'ਤੇ 50 ਤੋਂ 100 ਫੀਸਦੀ ਰਿਆਇਤ ਮਿਲਦੀ ਹੈ। ਸ਼ਿਕਾਇਤ ਮਿਲਣ 'ਤੇ ਵਿਜੀਲੈਂਸ ਵਿਭਾਗ ਦੀ ਟੀਮ ਨੇ ਮੁੰਬਈ ਦੇ ਦਾਦਰ ਰੇਲਵੇ ਸਟੇਸ਼ਨ ਉੱਤੇ ਛਾਪਾ ਮਾਰ ਕੇ 74 ਫਰਜ਼ੀ ਸਰਟੀਫਿਕੇਟ ਜ਼ਬਤ ਕੀਤੇ ਹਨ। ਇਸ ਸੰਬੰਧ ਵਿੱਚ ਪੱਛਮੀ ਰੇਲਵੇ ਦੇ ਪੀ ਆਰ ਓ ਰਵਿੰਦਰ ਭਾਕਰ ਨੇ ਦੱਸਿਆ ਹੈ ਕਿ ਟੀਮ ਸਟੇਸ਼ਨ ਉਤੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਜਾਂਚ ਵੀ ਕਰ ਰਹੀ ਸੀ। ਇਸ ਦੌਰਾਨ ਉਨ੍ਹਾਂ ਨੂੰ ਇਕ ਸ਼ੱਕੀ ਵਿਅਕਤੀ ਹੱਥ ਵਿੱਚ ਫਾਰਮ ਲੈ ਕੇ ਘੁੰਮਦਾ ਦਿੱਸਿਆ ਤਾਂ ਉਸ ਨੂੰ ਫੜਨ ਦੀ ਕੋਸ਼ਿਸ਼ ਹੋਈ, ਪਰ ਉਸ ਨੂੰ ਸ਼ੱਕ ਹੋਇਆ ਤੇ ਉਹ ਫਾਰਮ ਛੱਡ ਕੇ ਭੱਜ ਗਿਆ।

# ਦਿਹਾੜੀਦਾਰ ਦੀ ਬੇਟੀ ਸੋਨੀ ਕੌਰ ਨੇ ਦਸਵੀਂ ਜਮਾਤ ਦੀ ਪ੍ਰੀਖਿਆ 'ਚ ਪੰਜਾਬ ਭਰ 'ਚੋਂ ਤੀਜਾ ਸਥਾਨ ਹਾਸਲ ਕਰਕੇ ਮਾਰਿਆ ਮਾਅਰਕਾ

*** ਵੱਡੀ ਹੋ ਕੇ ਜੱਜ ਬਣਾਂਗੀ : ਸੋਨੀ ਕੌਰ**

ਲੁਧਿਆਣਾ, 8 ਮਈ (ਗਿਆਨ ਸਿੰਘ): ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ ਵਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜੇ ਦੌਰਾਨ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਮਿਲਰਗੰਜ, ਢੋਲੇਵਾਲ ਲੁਧਿਆਣਾ ਦੀ ਵਿਦਿਆਰਥਣ ਸੌਨੀ ਕੌਰ ਪੁੱਤਰੀ ਸ: ਬਲਵਿੰਦਰ ਸਿੰਘ ਨੇ ਪੰਜਾਬ ਭਰ ਵਿਚੋਂ ਤੀਸਰਾ ਸਥਾਨ ਹਾਸਲ ਕਰਕੇ ਸਰਕਾਰੀ ਸਕੂਲਾਂ ਦਾ ਅਤੇ ਜਿਲ੍ਹਾ ਲੁਧਿਆਣਾ ਦਾ ਨਾਮ ਰੌਸ਼ਨ ਕੀਤਾ ਹੈ। ਸੋਨੀ ਕੌਰ ਵਲੋਂ 644/650 ਅੰਕ ਪ੍ਰਾਪਤ ਕੀਤੇ ਹਨ। ਸੌਨੀ ਕੌਰ ਜਿਸਦੇ ਪਿਤਾ ਇਕ ਦਿਹਾੜੀਦਾਰ ਹਨ, ਜੋ ਮਿਹਨਤ ਕਰਕੇ ਘਰ ਦਾ ਗੁਜਾਰਾ ਕਰਦੇ ਹਨ ਨੇ ਦੱਸਿਆ ਕਿ ਉਹ ਵੱਡੀ ਹੋ ਕੇ ਜੱਜ ਬਣਨਾ ਚਾਹੁੰਦੀ ਹੈ। ਉਸ ਅਨੁਸਾਰ ਕਦੇ ਵੀ ਅੱਜ ਦਾ ਕੰਮ ਕੱਲ੍ਹ ਤੇ ਨਾ ਛੱਡੋ। ਉਸ ਨੇ ਆਪਣੀ ਇਸ ਸਫ਼ਲਤਾ ਦਾ ਸਿਹਰਾ ਸਕੂਲ ਪ੍ਰਿੰਸੀਪਲ, ਸਮੂਹ ਸਟਾਫ਼ ਅਤੇ ਆਪਣੇ ਮਾਤਾ ਪਿਤਾ ਦੀ ਪ੍ਰੇਰਣਾ ਨੂੰ ਦਿੱਤਾ। ਸੌਨੀ ਕੌਰ ਦੇ ਪਿਤਾ ਅਨੁਸਾਰ ਉਨ੍ਹਾਂ ਦੀ ਬੇਟੀ ਹਮੇਸ਼ਾਂ ਦਿਨ ਰਾਤ ਹੀ ਪੜ੍ਹਦੀ ਰਹਿੰਦੀ ਸੀ। ਉਹ ਸੋਸ਼ਲ ਮੀਡੀਆ ਤੋਂ ਦੂਰ ਰਹਿੰਦੀ ਹੈ। ਇਸ ਮੌਕੇ ਸੋਨੀ ਕੌਰ ਨੂੰ ਵਧਾਈ ਦੇਣ ਲਈ ਜਿਲ੍ਹਾ ਸਿੱਖਿਆ ਅਫ਼ਸਰ ਸਵਰਨਜੀਤ ਕੌਰ ਉਚੇਚੇ ਤੌਰ 'ਤੇ ਪਹੁੰਚੇ ਅਤੇ ਵਿਦਿਆਰਥਣ ਨੂੰ ਸਨਮਾਨ ਚਿੰਨ੍ਹ ਦਿੱਤਾ। ਜਿਲ੍ਹਾ ਸਿੱਖਿਆ ਅਫਸਰ ਅਨੁਸਾਰ ਸਰਕਾਰੀ ਸਕੂਲਾਂ ਵਿਚ ਸਿੱਖਿਆ ਸਕੱਤਰ ਸ਼੍ਰੀ ਕ੍ਰਿਸ਼ਨ ਕੁਮਾਰ ਆਈ.ਏ.ਐਸ ਵਲੋਂ ਦਿੱਤੇ ਜਾਂਦੇ ਦਿਸ਼ਾ ਨਿਰਦੇਸ਼ਾਂ ਦੇ ਕਾਰਨ ਬਹੁਤ ਸੁਧਾਰ ਦੇਖਣ ਨੂੰ ਮਿਲ ਰਹੇ ਹਨ। ਸਕੂਲ ਪ੍ਰਿੰਸੀਪਲ ਸ਼੍ਰੀਮਤੀ ਗੁਰਵਿੰਦਰ ਕੌਰ ਨੇ ਵਿਦਿਆਰਥਣ ਦਾ ਹੌਂਸਲਾ ਵਧਾਉਂਦੇ ਹੋਏ ਉਸ ਦੇ ਉੱਜਲ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਸੁਖਦੇਵ ਸਿੰਘ ਸਟੇਟ ਅਵਾਰਡੀ, ਡੀ.ਐਮ. ਜਸਵੀਰ ਸਿੰਘ, ਸਕੂਲ ਅਧਿਆਪਕ ਸਰਬਜੀਤ ਸਿੰਘ, ਇੰਦਰਜੀਤ ਸਿੰਘ, ਰਜਵਿੰਦਰ ਕੌਰ, ਆਸ਼ੂ ਰਤਨ, ਗੁਰਮੇਲ ਕੌਰ, ਸ਼੍ਰੀਮਤੀ ਅਰਚਨਾ, ਕੁਸਮ ਰਾਣੀ, ਬਿੰਦੀਆ ਕੌਸ਼ਲ, ਮੋਨਿਕਾ ਚਾਵਲਾ ਸਮੇਤ ਸਮੂਹ ਅਧਿਆਪਕ ਹਾਜਰ ਸਨ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਸ਼੍ਰੀਮਤੀ ਸਵਰਨਜੀਤ ਕੌਰ ਅਤੇ ਪ੍ਰਿੰਸੀਪਲ ਸ਼੍ਰੀਮਤੀ ਗੁਰਵਿੰਦਰ ਕੌਰ ਵਲੋਂ ਸੋਨੀ ਕੌਰ ਨੂੰ 2100-2100 ਰੁਪਏ ਨਕਦ ਇਨਾਮ ਸਮੇਤ ਹੋਰ ਤੋਹਫ਼ੇ ਦੇ ਕੇ ਸਨਮਾਨਿਤ ਕੀਤਾ ਗਿਆ।



**ਛੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਆਏ ਮੈਰਿਟ 'ਚ-ਜ਼ਿਲ੍ਹਾ ਸਿੱਖਿਆ ਅਫ਼ਸਰ**

ਜਿਲ੍ਹਾ ਸਿੱਖਿਆ ਅਫ਼ਸਰ ਸ਼੍ਰੀਮਤੀ ਸਵਰਨਜੀਤ ਕੌਰ ਨੇ ਦੱਸਿਆ ਕਿ 10ਵੀਂ ਜਮਾਤ ਦੇ ਸਾਲਾਨਾ ਨਤੀਜੇ ਦੌਰਾਨ ਸਰਕਾਰੀ ਸਕੂਲਾਂ ਦਾ ਇਕ ਬੱਚਾ ਪੰਜਾਬ 'ਚੋ ਤੀਸਰੇ ਨੰਬਰ ਸਮੇਤ ਸੋਨੀ ਕੌਰ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਮਿਲਰ ਗੰਜ, ਪਰਮਜੀਤ ਕੌਰ ਸਰਕਾਰੀ ਹਾਈ ਸਕੂਲ ਰੁੜਕਾ, ਕੌਮਲ ਕੁਮਾਰੀ ਸਰਕਾਰੀ ਕੰਨਿਆ ਹਾਈ ਸਕੂਲ ਰਾਮਗੜ, ਹਰਸ਼ ਅਗਰਵਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਾਂਦਰਾ, ਕਿਰਨਦੀਪ ਕੌਰ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਹਰਗੋਬਿੰਦਪੁਰ, ਮਿਹਕਪ੍ਰੀਤ ਕੌਰ ਸਰਕਾਰੀ ਹਾਈ ਸਕੂਲ ਕੋਟਲਾ ਸ਼ਮਸ਼ਪੁਰ ਉਪਰੋਕਤ ਵਿਦਿਆਰਥੀਆਂ ਨੇ ਮੈਰਿਟ ਵਿਚ ਥਾਂ ਬਣਾਈ ਹੈ।


# ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

Minimum 1 year experience & Trained mechanic

- 6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ




Also need Body Shop Mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.533.1100/416.278.7181 (9am to 6pm)



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7






House for sale in Castlemore

ਬਰੈਂਪਟਨ ਦੇ ਕੈਸਲਮੋਅਰ ਏਰੀਆ ਵਿਚ 3000sqft ਦਾ ਅਪਗ੍ਰੇਡ ਕੀਤਾ ਗਿਆ ਘਰ। ਇਸ ਵਿੱਚ 5+2 ਬੈੱਡਰੂਮ ਅਤੇ 6 ਬਾਥਰੂਮ ਹਨ। Seperate Entry ਨਾਲ ਬੇਸਮੈਂਟ ਪੂਰੀ ਤਰ੍ਹਾਂ ਤਿਆਰ ਹੈ। ਸਾਰੇ ਘਰ ਵਿਚ ਹਾਰਡਵੁੱਡ ਪਈ ਹੈ। Front ਤੇ ਨਵੀਂ ਸਟੋਨ ਅਤੇ Stucco ਕੀਤੀ ਗਈ ਹੈ। ਨਵੀਆਂ ਗੈਰਾਜ ਡੋਰਾਂ। ਵੱਡੀ ਕਿਚਨ। ਬੈਕ ਤੇ ਵੱਡਾ ਡੈੱਕ ਅਤੇ Patio. ਸਾਰੇ ਘਰ ਦੇ ਦੁਆਲੇ ਸਟੈਂਪ ਕੰਕਰੀਟ ਹੈ। 4 ਕਾਰ ਦਾ Driveway ਬਿਨਾਂ ਸਾਈਡ ਵਾਕ ਤੋਂ। ਬੇਸਮੈਂਟ ਵਿੱਚ ਅਲੱਗ 2 ਹਿੱਸੇ ਬਣੇ ਹੋਏ ਹਨ। ਸਾਰੇ ਗ੍ਰੇਡ ਦੇ ਸਕੂਲਾਂ ਦੇ ਨੇੜੇ। Hwy 50 & Cottrelle Intersection. 45x92 ਫੁੱਟ ਦਾ ਪਲਾਟ। ਸਿਰਫ 6 ਸਾਲ ਨਵੇਂ ਘਰ ਨੂੰ ਦੇਖਣ ਲਈ ਅੱਜ ਹੀ ਕਾਲ ਕਰੋ।।



Jagraj Sekhon
Sales Representative

Dhanwant Gosal
Broker



Dir: 416-562-1176
www.jagrajsekhon.com

Century 21 People's Choice Realty Inc, Brokerage


Dir: 416-277-4153
www.gosalhomes.com



KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ

ਕਰਤਾਰ ਫਰਨੀਚਰ






- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20
Etobicoke ON, M9V 3Y6

# ਸਿੱਖਾਂ ਦਾ ਸਿਆਸੀ ਪ੍ਰਭਾਵ: ਕੀ ਨਿਵਾਣ ਵੱਲ – ਭਾਗ 1

...ਪੰਨਾ 1 ਦਾ ਬਾਕੀ

ਟਿੱਪ ਉੱਪਲ ਦਾ ਮਜਾਕ ਉਸੇ ਸੋਚ ਵੱਸ ਉਡਾਇਆ ਜਾਂਦਾ ਜਿਸ ਦੇ ਹੱਥੋਂ ਚੱਲੇ ਕਟਾਕਸ਼ ਦੇ ਤੀਰਾਂ ਕਾਰਣ ਅੱਜ ਦੇ ਕਈ ਲਿਬਰਲ ਸਿੱਖ ਐਮ ਪੀਆਂ/ਮੰਤਰੀਆਂ ਦਾ ਕਈ ਗੁਰਦੁਆਰਿਆਂ ਵਿੱਚ ਸ਼ਾਮਲ ਹੋਣਾ ਲੱਗਭੱਗ ਅਸੰਭਵ ਸਮਝਿਆ ਜਾਂਦਾ ਹੈ। ਟਿੰਮ ਉੱਪਲ ਬਾਰੇ ਐਨਾ ਕੁ ਦੱਸਣਾ ਲਾਜ਼ਮੀ ਬਣਦਾ ਹੈ ਕਿ ਉਹ ਜਿਸ ਰਾਈਡਿੰਗ ਵਿੱਚੋਂ ਜਿੱਤ ਕੇ ਆਇਆ ਸੀ, ਉਸ ਵਿੱਚ ਸਿੱਖ ਵੋਟ 5% ਤੋਂ ਵੀ ਘੱਟ ਰਹੀ ਹੋਵੇਗੀ ਭਾਵ ਉਹ ਆਪਣੇ ਦਮਖਮ ਸਹਾਰੇ ਕੈਨੇਡੀਅਨ ਸਿਆਸਤ ਦੀ ਪੈਦਾਇਸ਼ ਵਜੋਂ ਉੱਭਰਿਆ ਸੀ ਨਾ ਕਿ ਗੁਰਦੁਆਰਾ ਵਿੱਚੋਂ।

ਇਸ ਸਾਲ ਟੋਰਾਂਟੋ ਅਤੇ ਵੈਨਕੂਵਰ ਵਿੱਚ ਆਯੋਜਿਤ ਹੋਏ ਚਾਰ ਵੱਡੇ ਨਗਰ ਕੀਰਤਨਾਂ ਦੀ ਬਣਤਰ ਅਤੇ ਸ਼ਮੂਲੀਅਤ ਬਾਰੇ ਗੱਲ ਕਰਨੀ ਕੁਥਾਂ ਨਹੀਂ ਹੋਵੇਗੀ। ਟੋਰਾਂਟੋ ਡਾਊਨ ਟਾਊਨ ਨਗਰ ਅਤੇ ਵੈਨਕੂਵਰ ਦੇ ਰੌਸ ਗੁਰਦੁਆਰਾ ਸਾਹਿਬ ਨਗਰ ਕੀਰਤਨ ਵਿੱਚ ਲਗਭੱਗ ਹਰ ਸਿਆਸੀ ਰੰਗਤ ਵਾਲੇ ਸਿਆਸਤਦਾਨ ਨੇ ਹਿੱਸਾ ਲਿਆ। ਵੈਨਕੂਵਰ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਆਦਿ ਦੀ ਹਾਜ਼ਰੀ ਨੂੰ ਫੈਡਰਲ ਪਬਲਿਕ ਸੇਫਟੀ ਮਹਿਕਮੇ ਦੀ ਅਤਿਵਾਦ ਬਾਰੇ 2018 ਦੀ ਰਿਪੋਰਟ ਨੂੰ ਲੈ ਕੇ ਪੈਦਾ ਹੋਏ ਵਿਵਾਦ ਤੋਂ ਬਾਅਦ ਇੱਕ ਕਿਸਮ ਨਾਲ ਭੁੱਲ ਬਖਸ਼ਾਊ ਗੇੜਾ ਹੀ ਆਖਿਆ ਜਾ ਸਕਦਾ ਹੈ। ਕੰਜ਼ਰਵੇਟਿਵ ਲੀਡਰ ਐਂਡਰੀਊ ਸ਼ੀਅਰ ਅਤੇ ਐਨ ਡੀ ਪੀ ਆਗੂ ਜਗਮੀਤ ਸਿੰਘ ਨੇ ਵੀ ਜਰੂਰ ਹਾਜ਼ਰੀ ਭਰੀ ਪਰ ਨਗਰ ਕੀਰਤਨ ਵਿੱਚੋਂ ਮਿਲਣ ਵਾਲੀ ਚਕਾਚੌਂਧ ਵਿੱਚ ਪ੍ਰਧਾਨ ਮੰਤਰੀ ਅਤੇ ਉਹਨਾਂ ਦੇ ਸਾਥੀਆਂ ਨੇ ਖੂਬ ਲਿਸ਼ਕਾਂ ਮਾਰੀਆਂ। ਇਵੇਂ ਦਾ ਹੀ ਕੁੱਝ ਡਾਊਨ ਟਾਊਨ ਟੋਰਾਂਟੋ ਦੇ ਨਗਰ ਕੀਰਤਨ ਵਿੱਚ ਹੋਇਆ ਜਿੱਥੇ ਬਣਦੀ ਸਰਦੀ ਗਿਣਤੀ ਵਿੱਚ ਲਿਬਰਲ ਐਮ ਪੀ ਅਤੇ ਮੰਤਰੀ ਉੱਮੜੇ ਪਰ ਦੂਜੀਆਂ ਪਾਰਟੀਆਂ ਨੂੰ ਵੀ ਰਸਮੀ ਹਾਜ਼ਰੀ ਭਰਨ ਦੀ ਆਗਿਆ ਦਿੱਤੀ ਗਈ। ਕੀ ਹਾਜ਼ਰੀ ਭਰਨ ਦੇ ਅਵਸਰ ਖਾਲਸੇ ਦੇ ਬਰਾਬਰੀ ਦੇ ਸਿਧਾਂਤ ਉੱਤੇ ਟਿਕੇ ਸਨ, ਇਹ ਸੁਆਲ ਹੈ ਜਿਸਦਾ ਜਵਾਬ ਉੱਨਾ ਹੀ ਖੁੱਲਾ ਅਤੇ ਮੋਕਲਾ ਹੋ ਸਕਦਾ ਹੈ ਜਿੰਨਾ ਕਿਸੇ ਦਾ ਨਗਰ ਕੀਰਤਨਾਂ ਦੀ ਸਿਆਸਤ ਨਾਲ ਵਾਹ ਵਾਸਤਾ।

ਮਜ਼ੇਦਾਰ ਸੁਆਲ ਉੱਠਦਾ ਹੈ ਕਿ ਉਪਰੋਕਤ ਜ਼ਿਕਰ ਕੀਤੇ ਦੋਵਾਂ ਨਗਰ ਕੀਰਤਨਾਂ ਨਾਲੋਂ ਵੱਧ ਗਿਣਤੀ ਵਿੱਚ ਸਿੱਖ ਸੰਗਤਾਂ ਨੂੰ ਇੱਕਤਰ ਕਰਨ ਵਾਲੇ ਮਾਲਟਨ ਗੁਰਦੁਆਰਾ ਸਾਹਿਬ ਤੋਂ ਰੈਕਸਡੇਲ ਅਤੇ ਸਰੀ (ਵੈਨਕੂਵਰ) ਦੇ ਨਗਰ ਕੀਰਤਨਾਂ ਵਿੱਚ ਸਿਆਸਤਦਾਨਾਂ ਦਾ ਲੱਗਭੱਗ ਖੁਦ ਹੀ ਗੈਰਹਾਜ਼ਰ ਹੋਣਾ ਜਾਂ ਕਰ ਦਿੱਤਾ ਜਾਣਾ ਕਿਵੇਂ ਸੰਭਵ ਹੋਇਆ? ਇਹਨਾਂ ਨਗਰ ਕੀਰਤਨਾਂ ਵਿੱਚ ਸਿਆਸਤ ਜਾਂ ਸਿਆਸਤ ਦੀ ਗੈਰਹਾਜ਼ਰੀ ਨੂੰ ਵੇਖਕੇ ਕੀ ਮੰਨ ਲਿਆ ਜਾਵੇ ਕਿ ਕੈਨੇਡਾ ਦੇ ਸਿੱਖ ਭਾਈਚਾਰੇ ਵਿੱਚ ਦੋ ਸਪੱਸ਼ਟ ਧਿਰਾਂ ਹਨ, ਜਿਹਨਾਂ ਵਿੱਚੋਂ ਇੱਕ ਨਿਰੋਲ ਧਾਰਮਿਕ ਅਤੇ ਦੂਜੀ ਸਿਆਸੀ ਰੁਖ ਵਾਲੀ ਹੈ? ਇਸ ਬਾਰੇ ਯਕੀਨੀ ਰੂਪ ਵਿੱਚ ਕੁੱਝ ਆਖਣਾ ਮੁਸ਼ਕਲ ਹੈ ਕਿਉਂਕਿ ਗੁਰਦੁਆਰਾ ਸਿਆਸਤ ਦੀਆਂ ਗਰਾਰੀਆਂ ਐਨੀ ਜਲਦੀ ਘੁੰਮ ਜਾਂਦੀਆਂ ਹਨ ਕਿ ਪਤਾ ਲਾਉਣਾ ਔਖਾ ਹੁੰਦਾ ਹੈ ਕਿ ਕੌਣ ਸਿਆਸਤ ਪੱਖੀ ਹੈ ਅਤੇ ਕੌਣ ਨਿਰੱਪਖੀ?

ਇੱਕ ਗੱਲ ਪੱਕੀ ਹੈ ਕਿ ਸਿੱਖ ਸੰਗਤਾਂ, ਸਿਆਸਤ ਪੱਖੀਆਂ ਜਾਂ ਨਿਰੱਪਖੀਆਂ ਤੋਂ ਨਿਰਲੇਪ, ਦੋਵਾਂ ਕਿਸਮਾਂ ਦੇ ਨਗਰ ਕੀਰਤਨਾਂ ਵਿੱਚ ਬਰਾਬਰ ਦੀ ਸ਼ਰਧਾ ਨਾਲ ਹਾਜ਼ਰੀ ਭਰਦੀਆਂ ਹਨ। ਇਹੀ ਸੁਆਲ ਅਸੀਂ ਕੱਲ ਖੜਾ ਕੀਤਾ ਸੀ ਕਿ ਜੇ ਭਾਈਚਾਰੇ ਵੱਲੋਂ ਬਿਨਾ ਕਿਸੇ ਵਿਸ਼ੇਸ਼ ਸੋਚ ਨੂੰ ਪ੍ਰਣਾਏ ਹਾਜ਼ਰੀ ਭਰੀ ਜਾਂਦੀ ਹੈ ਤਾਂ ਇਹ ਅਰਥ ਕੱਢਿਆ ਜਾਣਾ ਸਹਿਗ ਗੱਲ ਹੈ ਕਿ ਆਮ ਸਿੱਖ ਦਾ ਲਗਾਵ ਅਤੇ ਜੁੜਾਵ ਸਿਰਫ਼ ਗੁਰੂ ਨਾਲ ਹੈ ਨਾ ਕਿ ਗੁਰਦੁਆਰਿਆਂ ਦੀਆਂ ਸਿਆਸਤਾਂ ਨਾਲ?

ਸਿੱਖ ਸੰਸਥਾਵਾਂ ਦੀ ਆਪਣੇ ਨਿੱਜੀ ਮੁਫਾਦਾਂ ਦੀ ਪੂਰਤੀ ਵਾਲੀ ਪਹੁੰਚ ਦਾ ਨਤੀਜਾ ਹੈ ਕਿ ਅੱਜ ਕਮਿਉਨਿਟੀ ਕੋਈ ਅਜਿਹਾ ਲਾਭ ਨਹੀਂ ਪ੍ਰਾਪਤ ਕਰ ਪਾ ਰਹੀ ਜਿਸਨੂੰ ਸਿੱਖੀ ਦਾ ਮਾਣ ਆਖਿਆ ਜਾ ਸਕੇ। ਮਿਸਾਲ ਵਜੋਂ ਇਸ ਸਾਲ ਸਾਰੇ ਨਗਰ ਕੀਰਤਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਹਾੜੇ ਨੂੰ ਸਮ੍ਰਪਿਤ ਸਨ ਪਰ ਅਜਿਹਾ ਕੋਈ ਉੱਦਮ ਜਾਂ ਚਾਰਾਜੋਈ ਨਹੀਂ ਕੀਤੀ ਗਈ ਵਿਖਾਈ ਦਿੱਤੀ ਜਿਸ ਨਾਲ ਉਸ ਮਹਾਨ ਗੁਰੂ ਦੀ ਯਾਦ ਵਿੱਚ ਕੈਨੇਡਾ ਭਰ ਵਿੱਚ ਕੋਈ ਯਾਦਗਾਰ ਜਾਂ ਯਾਦਗਾਰੀ ਚਿੰਨ ਉੱਭਰ ਕੇ ਸਮੂਹ ਕੈਨੇਡੀਅਨਾਂ ਦੇ ਸਾਹਮਣੇ ਆ ਸਕਦਾ। ਜਦੋਂ ਖਾਲਸੇ ਦਾ 300 ਸਾਲਾ ਵਰ੍ਹਾ ਆਇਆ ਤਾਂ ਖੰਡੇ ਵਾਲੀ ਟਿਕਟ ਜਾਰੀ ਹੋਈ, ਕਾਮਾਗਾਟਾਮਾਰੂ ਦੀ ਸ਼ਤਾਬਦੀ ਮੌਕੇ ਗੁਰਦਿੱਤ ਸਿੰਘ ਹੋਰਾਂ ਦੀ ਤਸਵੀਰ ਵਾਲੀ ਟਿਕਟ ਜਾਰੀ ਹੋਈ ਪਰ ਇਸ ਵਾਰ ਕਹਾਣੀ ਪਾਕਿਸਤਾਨੀ ਗੀਤ ਦੇ ਬੋਲਾਂ ਵਰਗੀ ਹੋ ਮੁੱਕੀ, "ਤੂੰ ਗੱਲ ਗੱਲਾਂ ਚ' ਮੁਕਾ ਛੋੜੀ, ਮੋਹ ਤੇਰਾ ਢੁੰਨ ਮਾਹੀਆ ਹਰਿਆਈ ਜਿੰਦ ਤੂੰ ਸੁਕਾ ਛੋੜੀ'।

ਸਿੱਖ ਅਦਾਰਿਆਂ ਅਤੇ ਸਥਾਨਾਂ ਉੱਤੇ ਪ੍ਰਬੰਧਕੀ ਕਾਬਜ਼ ਧੜਿਆਂ ਵੱਲੋਂ ਆਪਣੇ ਸਖੀਆਂ ਜਾਂ ਵਿਰੋਧੀਆਂ ਲਈ ਦੁਆਰਾਂ ਨੂੰ ਇੰਝ ਗਿਣਤੀਆਂ ਮਿਣਤੀਆਂ ਕਰਕੇ ਖੋਲਿਆ ਜਾਂਦਾ ਹੈ ਜਿਵੇਂ ਉਹ ਕਮਿਉਨਿਟੀ ਦੇ ਮੁਕਾਮ ਨਾ ਹੋ ਨਿੱਜੀ ਅਸਾਸੇ ਹੋਣ। ਜੇ ਇਸ ਤੱਥ ਦੀ ਪੜਤਾਲ ਕਰਨੀ ਹੋਵੇ ਤਾਂ ਟੋਰਾਂਟੋ ਏਰੀਆ ਦੇ ਲਿਬਰਲ ਐਮ ਪੀਆਂ ਨੂੰ ਪੁੱਛਿਆ ਜਾ ਸਕਦਾ ਹੈ ਕਿ ਉਹ ਕਿੱਥੇ ਜਾ ਕੇ ਸੰਗਤਾਂ ਨੂੰ ਸੰਬੋਧਨ ਕਰਨਾ ਮਹਿਫੂਜ਼ ਸਮਝਦੇ ਹਨ ਅਤੇ ਕਿੱਥੇ ਨਹੀਂ। ਕੰਜ਼ਰਵੇਟਿਵ ਨੂੰ ਤਾਂ ਹਮੇਸ਼ਾ ਹੀ 'ਤੂੰ ਹੋਰ ਤੋਂ ਬਣ ਗਿਆ ਹੋਰ ਵੇ ਮਾਹੀਆ' ਵਾਲੇ ਸੁਆਲੀਆ ਚਿੰਨ ਨਾਲ ਇੱਧਰ ਉੱਧਰ ਵੇਖਣਾ ਪੈਂਦਾ ਹੈ। ਸੁਆਲ ਇਹ ਵੀ ਹੈ ਕਿ ਕੀ ਧਾਰਮਿਕ ਅਦਾਰੇ ਸੱਚਮੁੱਚ ਸਿਆਸੀ ਉਥਲ ਪੁਥਲ ਕਰ ਸੱਕਣ ਦੀ ਸਮਰੱਥਾ ਰੱਖਦੇ ਹਨ? ਕਿਸੇ ਹੱਦ ਤੱਕ ਅਜਿਹਾ ਮੁਮਕਿਨ ਹੋ ਸਕਦਾ ਹੈ ਪਰ ਇਸ ਪ੍ਰਭਾਵ ਬਾਰੇ ਭਰਮ ਭੁਲੇਖੇ ਹਕੀਕਤ ਦੇ ਕੱਦਕਾਠ ਨਾਲੋਂ ਵੱਡੇ ਪਾਲੇ ਹੋਏ ਹਨ। ਇਹਨਾਂ ਭਰਮ ਭੁਲੇਖਿਆਂ ਦੇ ਕਮਜ਼ੋਰ ਹੋਣ ਦਾ ਨਤੀਜਾ ਇਸ ਗੱਲੋਂ ਆਂਕਿਆ ਜਾ ਸਕਦਾ ਹੈ ਕਿ ਅੱਜ ਕੱਲ ਬਰੈਂਪਟਨ ਮਿਸੀਸਾਗਾ ਦੀਆਂ ਸਿਆਸੀ ਗਿਣਤੀਆਂ ਮਿਣਤੀਆਂ ਵਿੱਚ ਹੋਰ ਕਮਿਉਨਿਟੀਆਂ ਵੀ ਆਪਣੇ ਹੱਕ ਜਤਾਉਣ ਅੱਗੇ ਆਉਣ ਲੱਗ ਪਈਆਂ ਹਨ। .......ਬਾਕੀ ਕੱਲ

# ਓਸ਼ਵਾ ਪਲਾਂਟ ਵਿੱਚ 170 ਮਿਲੀਅਨ ਡਾਲਰ ਨਿਵੇਸ਼ ਕਰੇਗੀ ਜੀਐਮ

...ਪੰਨਾ 1 ਦਾ ਬਾਕੀ

ਪ੍ਰੋਡਕਸ਼ਨ ਖਤਮ ਹੋਣ ਤੋਂ ਬਾਅਦ,ਅਗਲੇ ਦਸ ਸਾਲਾਂ ਲਈ ਤੁਹਾਨੂੰ ਆਫਟਰਮਾਰਕਿਟ ਪਾਰਟਸ ਬਣਾਉਣੇ ਹੋਣਗੇ। ਡਾਇਸ ਨੇ ਆਖਿਆ ਕਿ ਜੀਐਮ ਵੱਲੋਂ ਲੰਮੇਂ ਸਮੇਂ ਲਈ ਕਰਾਰ ਕੀਤਾ ਜਾ ਰਿਹਾ ਹੈ। ਇਹ ਕਰਾਰ ਦਸ ਸਾਲਾਂ ਲਈ ਹੈ।

ਹੈਸਟਰ ਨੇ ਆਖਿਆ ਕਿ ਮੌਜੂਦਾ ਯੋਜਨਾ ਤਹਿਤ ਇਸ ਪਲਾਂਟ ਵਿੱਚ ਗੱਡੀਆਂ ਦੇ ਕਈ ਤਰ੍ਹਾਂ ਦੇ ਹਿੱਸੇ ਬਣਾਏ ਜਾਇਆ ਕਰਨਗੇ। ਇਨ੍ਹਾਂ ਪਾਰਟਸ ਵਿੱਚ ਦਰਵਾਜ਼ਿਆਂ, ਛੱਤਾਂ, ਕੁਆਰਟਰ ਪੈਨਲਿੰਗ ਤੋਂ ਲੈ ਕੇ ਟਰੰਕਸ ਤੱਕ ਸ਼ਾਮਲ ਹੋਣਗੇ। ਇਸ ਤੋਂ ਇਲਾਵਾ ਜੀਐਮ ਇਸ ਪਲਾਂਟ ਦੇ ਕੁੱਝ ਹਿੱਸੇ ਨੂੰ ਆਟੋਨੋਮਸ ਗੱਡੀਆਂ ਤੇ ਐਡਵਾਂਸ ਤਕਨਾਲੋਜੀ ਵਾਲੀਆਂ ਗੱਡੀਆਂ ਲਈ ਟੈਸਟ ਟਰੈਕ ਵਜੋਂ ਵੀ ਬਦਲਣਾ ਚਾਹੁੰਦਾ ਹੈ।

ਡਾਇਸ ਨੇ ਆਖਿਆ ਕਿ ਇਹ ਐਲਾਨ ਬਹੁਤ ਸਾਰੇ ਪਰਿਵਾਰਾਂ ਲਈ ਖੁਸ਼ੀਆਂ ਲੈ ਕੇ ਨਹੀਂ ਆਵੇਗਾ ਕਿਉਂਕਿ ਅਜੇ ਵੀ ਹਜ਼ਾਰਾਂ ਪਰਿਵਾਰਾਂ ਦਾ ਭਵਿੱਖ ਅਸਥਿਰ ਹੈ। ਹੈਸਟਰ ਨੇ ਆਖਿਆ ਕਿ ਜੀਐਮ ਦੇ ਕਰਮਚਾਰੀਆਂ ਤੇ ਯੂਨੀਫੌਰ ਦੇ ਮੈਂਬਰਜ਼ ਵਿੱਚੋਂ 50 ਫੀ ਸਦੀ ਰਿਟਾਇਰਮੈਂਟ ਪੈਕੇਜ ਲੈਣਗੇ। ਇਸ ਰਿਟਾਇਰਮੈਂਟ ਪੈਕੇਜ ਦਾ ਵੇਰਵਾ ਵੀਰਵਾਰ ਨੂੰ ਜਾਰੀ ਕੀਤਾ ਜਾਵੇਗਾ। ਓਸ਼ਵਾ ਦੇ ਮੇਅਰ ਡੈਨ ਕਾਰਟਰ ਨੇ ਆਖਿਆ ਕਿ ਉਹ ਇਸ ਐਲਾਨ ਤੋਂ ਖੁਸ਼ ਹਨ। ਪਰ ਉਨ੍ਹਾਂ ਇਹ ਵੀ ਆਖਿਆ ਕਿ ਨੌਕਰੀ ਤੋਂ ਕੱਢੇ ਜਾਣ ਵਾਲੇ 2,000 ਤੋਂ ਵੀ ਵੱਧ ਲੋਕਾਂ ਲਈ ਸਿਟੀ ਹਮੇਸ਼ਾਂ ਤਿਆਰ ਰਹੇਗੀ। ਉਨ੍ਹਾਂ ਆਖਿਆ ਕਿ ਜੇ ਉਨ੍ਹਾਂ ਨੂੰ ਟਰੇਨਿੰਗ ਦੀ ਲੋੜ ਹੈ ਤਾਂ ਉਹ ਮੁਹੱਈਆ ਕਰਵਾਈ ਜਾਵੇਗੀ। ਅਸੀਂ ਇਹ ਯਕੀਨੀ ਬਣਾਵਾਂਗੇ ਕਿ ਜਿਨ੍ਹਾਂ ਨੂੰ ਕੰਮ ਦੀ ਲੋੜ ਹੈ ਉਨ੍ਹਾਂ ਕੋਲ ਕੰਮ ਹੋਵੇ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਸਾਬਕਾ ਵਾਈਸ ਐਡਮਿਰਲ ਮਾਰਕ ਨੌਰਮਨ ਖਿਲਾਫ ਲਾਏ ਗਏ ਚਾਰਜਿਜ਼ ਉੱਤੇ ਲਾਈ ਗਈ ਰੋਕ

...ਪੰਨਾ 1 ਦਾ ਬਾਕੀ

ਬੁੱਧਵਾਰ ਨੂੰ ਓਟਵਾ ਕੋਰਟਹਾਊਸ ਵਿੱਚ ਪ੍ਰੌਸੀਕਿਊਟਰਜ਼ ਨੇ ਇਸ ਹਾਈ ਪ੍ਰੋਫਾਈਲ ਕੇਸ ਵਿੱਚ ਲੱਗੇ ਚਾਰਜਿਜ਼ ਉੱਤੇ ਰੋਕ ਲਾ ਦਿੱਤੀ। ਕ੍ਰਾਊਨ ਨੇ ਆਖਿਆ ਕਿ ਇਹ ਫੈਸਲਾ ਡਾਇਰੈਕਟਰ ਆਫ ਪਬਲਿਕ ਪ੍ਰੌਸੀਕਿਊਸ਼ਨਜ਼ ਵੱਲੋਂ ਇੱਕਲਿਆਂ ਲਿਆ ਗਿਆ ਹੈ। ਉਨ੍ਹਾਂ ਇਸ ਗੱਲ ਤੋਂ ਵੀ ਇਨਕਾਰ ਕੀਤਾ ਕਿ ਇਸ ਫੈਸਲੇ ਵਿੱਚ ਕਿਸੇ ਵੱਲੋਂ ਦਖਲਅੰਦਾਜ਼ੀ ਕੀਤੀ ਗਈ। ਫੈਡਰਲ ਪ੍ਰੌਸੀਕਿਊਟਰ ਬਾਰਬਰਾ ਮਰਸੀਅਰ ਨੇ ਅਦਾਲਤ ਵਿੱਚ ਆਖਿਆ ਕਿ ਇਹ ਸਾਡਾ ਫਰਜ਼ ਬਣਦਾ ਹੈ ਕਿ ਅਜਿਹੇ ਕੇਸ ਉੱਤੇ ਰੋਕ ਲਾ ਦਿੱਤੀ ਜਾਵੇ ਜੇ ਉਸ ਵਿੱਚ ਦੋਸ਼ ਆਇਦ ਕਰਨ ਲਈ ਕੋਈ ਠੋਸ ਆਧਾਰ ਨਾ ਹੋਵੇ। ਕ੍ਰਾਊਨ ਦੀ ਨਜ਼ਰ ਵਿੱਚ ਨੌਰਮਨ ਦੀਆਂ ਕੁੱਝ ਗਤੀਵਿਧੀਆਂ ਗੁਪਤ ਤੇ ਅਢੁਕਵੀਆਂ ਸਨ ਪਰ ਉਹ ਮੁਜਰਮਾਨਾਂ ਨਹੀਂ ਸਨ। ਨੌਰਮਨ ਨੇ ਉਦੋਂ ਤੱਕ ਫੌਜ ਦੇ ਸੈਕਿੰਡ ਇਨ ਕਮਾਂਡ ਵਜੋਂ ਭੂਮਿਕਾ ਨਿਭਾਈ ਜਦੋਂ ਤੱਕ ਮਾਰਚ 2018 ਵਿੱਚ ਉਨ੍ਹਾਂ ਉੱਤੇ ਕਥਿਤ ਤੌਰ ਉੱਤੇ ਕੈਬਨਿਟ ਦੇ ਸੀਕ੍ਰੇਟਸ 700 ਮਿਲੀਅਨ ਡਾਲਰ ਦੇ ਸ਼ਿਪਬਿਲਡਿੰਗ ਕਾਂਟਰੈਕਟ ਦੇ ਬਦਲੇ ਕਿਊਬਿਕ ਸਥਿਤ ਡੇਵੀ ਸ਼ਿਪਬਿਲਡਿੰਗ ਦੇ ਪੱਖ ਵਿੱਚ ਵੇਚਣ ਦੇ ਦੋਸ਼ ਨਹੀਂ ਲੱਗੇ। ਇਸ ਕਾਂਟਰੈਕਟ ਉੱਤੇ 2015 ਵਿੱਚ ਟਰੂਡੋ ਸਰਕਾਰ ਵੱਲੋਂ ਦਸਤਖ਼ਤ ਕੀਤੇ ਗਏ। ਇਸ ਕਾਂਟਰੈਕਟ ਤਹਿਤ ਇੱਕ ਸਿਵਲੀਅਨ ਸ਼ਿੱਪ ਨੂੰ ਆਰਜ਼ੀ ਸਪੋਰਟ ਬੇੜੇ ਵਜੋਂ ਫੌਜੀ ਸ਼ਿੱਪ ਵਿੱਚ ਬਦਲਿਆ ਜਾਣਾ ਸੀ। ਨੌਰਮਨ ਵੱਲੋਂ ਇਸ ਸਾਰੇ ਮਾਮਲੇ ਵਿੱਚ ਕਿਸੇ ਵੀ ਤਰ੍ਹਾਂ ਦੀ ਗੜਬੜ ਕੀਤੇ ਜਾਣ ਤੋਂ ਇਨਕਾਰ ਕੀਤਾ ਗਿਆ।

ਜੱਜ ਹੈਦਰ ਪਰਕਿੰਸ ਮੈਕਵੇਅ ਨੇ ਇਸ ਕਾਰਵਾਈ ਨੂੰ ਇਹ ਕਹਿੰਦਿਆਂ ਹੋਇਆਂ ਖ਼ਤਮ ਕਰ ਦਿੱਤਾ ਕਿ ਇਸ ਮਾਮਲੇ ਵਿੱਚ ਨੌਰਮਨ ਆਜ਼ਾਦ ਹੈ। ਇੱਥੇ ਦੱਸਣਾ ਬਣਦਾ ਹੈ ਕਿ ਅਜੇ ਇਨ੍ਹਾਂ ਚਾਰਜਿਜ਼ ਉੱਤੇ ਰੋਕ ਲਾਉਣ ਦਾ ਅਦਾਲਤ ਦਾ ਫੈਸਲਾ ਆਏ ਨੂੰ ਬਹੁਤਾ ਸਮਾਂ ਵੀ ਨਹੀਂ ਸੀ ਬੀਤਿਆ ਕਿ ਫੈਡਰਲ ਸਰਕਾਰ ਵੱਲੋਂ ਇਹ ਐਲਾਨ ਕਰ ਦਿੱਤਾ ਗਿਆ ਕਿ ਨੌਰਮਨ ਦੀ ਲੀਗਲ ਫੀਸ ਸਰਕਾਰ ਖੁਦ ਅਦਾ ਕਰੇਗੀ।

# ਜੈਮਾਲਾ ਦੌਰਾਨ ਫੋਮ ਸਪਰੇਅ ਤੋਂ ਦੋਵਾਂ ਧਿਰਾਂ ਦੀ ਝੜਪ, ਲਾੜੇ ਦੇ ਪਿਤਾ ਦੀ ਮੌਤ

ਕਟਰਾ, 8 ਮਈ (ਪੋਸਟ ਬਿਊਰੋ)- ਕਟਰਾ ਦਰਗਾਹ ਪਿੰਡ ਵਿੱਚ ਸੋਮਵਾਰ ਰਾਤ ਜੈਮਾਲਾ ਵੇਲੇ ਫੋਮ ਸਪਰੇਅ ਛਿੜਕਣ ਨੂੰ ਲੈ ਕੇ ਦੋਵਾਂ ਧਿਰਾਂ ਵਿੱਚ ਝੜਪ ਹੋ ਗਈ। ਕੁੱਟਮਾਰ ਦੌਰਾਨ ਲਾੜੇ ਸਮੇਤ ਕਈ ਲੋਕ ਜ਼ਖਮੀ ਹੋ ਗਏ। ਲੜਕੀ ਵਾਲਿਆਂ ਨੇ ਲੜਕੇ ਦੇ ਪਿਤਾ ਲਛਮਣ ਸ਼ਰਮਾ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਅਤੇ ਇਸ ਦੇ ਬਾਅਦ ਬਰਾਤੀ ਕਿਸੇ ਤਰ੍ਹਾਂ ਜਾਨ ਬਚਾ ਕੇ ਭੱਜੇ ਅਤੇ ਵਿਆਹ ਦੇ ਬਿਨਾ ਹੀ ਲਾੜੇ ਨੂੰ ਮੁੜਨਾ ਪਿਆ। ਇਸ ਕਾਰਨ ਕਟਰਾ ਤੋਂ ਔਰਾਈ ਤੱਕ ਤਣਾਅ ਹੈ। ਇਸ ਬਾਰੇ ਲਾੜੇ ਦੇ ਭਰਾ ਚੰਦਨ ਕੁਮਾਰ ਸ਼ਰਮਾ ਨੇ ਕੱਲ੍ਹ ਕਟਰਾ ਥਾਣੇ ਵਿੱਚ ਲੜਕੀ ਦੇ ਪਿਤਾ ਸੁਰਿੰਦਰ ਸ਼ਰਮਾ, ਚੰਦਨ ਸ਼ਰਮਾ, ਲਾਲ ਬਾਬੂ ਸ਼ਰਮਾ, ਨੰਦਨ ਸ਼ਰਮਾ, ਲਛਮਣ ਸ਼ਰਮਾ, ਲਾਲੋ ਸ਼ਰਮਾ ਸਮੇਤ 20-30 ਅਣਪਛਾਤਿਆਂ ਖਿਲਾਫ ਕਤਲ ਦੇ ਦੋਸ਼ ਵਿੱਚ ਐਫ ਆਈ ਆਰ ਦਰਜ ਕਰਾਈ। ਪੁਲਸ ਨੇ ਮਾਮਲੇ ਨੂੰ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮਾਮੂਲੀ ਗੱਲ ਏਨੀ ਕਿਵੇਂ ਵਧ ਗਈ, ਇਸ ਤੋਂ ਲੋਕ ਹੈਰਾਨ ਹਨ।




# ਗ੍ਰਹਿ ਮੰਤਰਾਲੇ ਨੇ ਕਿਹਾ: ਬਿਨਾਂ ਨੋਟਿਸ ਕਿਸੇ ਵਿਦੇਸ਼ੀ ਨੂੰ ਦੇਸ਼ ਵਿੱਚੋਂ ਕੱਢਣ ਦਾ ਸਰਕਾਰ ਨੂੰ ਅਧਿਕਾਰ

ਨਵੀਂ ਦਿੱਲੀ, 8 ਮਈ (ਪੋਸਟ ਬਿਊਰੋ)- ਗ੍ਰਹਿ ਮੰਤਰਾਲੇ ਨੇ ਦਿੱਲੀ ਹਾਈ ਕੋਰਟ ਨੂੰ ਕਿਹਾ ਹੈ ਕਿ ਕੇਂਦਰ ਸਰਕਾਰ ਨੂੰ ਵਿਦੇਸ਼ੀ ਨਾਗਰਿਕਾਂ ਨੂੰ ਬਿਨਾਂ ਕਾਰਨ ਦੱਸੇ ਨੋਟਿਸ ਜਾਰੀ ਕੀਤੇ ਦੇਸ਼ 'ਚੋਂ ਬਾਹਰ ਕੱਢਣ ਦਾ ਅਸੀਮਤ ਅਧਿਕਾਰ ਹੈ, ਚਾਹੇ ਉਸ ਵਿਅਕਤੀ ਕੋਲ ਕਾਨੂੰਨੀ ਵੀਜ਼ਾ ਵੀ ਹੋਵੇ।

ਚੀਫ ਜਸਟਿਸ ਰਾਜਿੰਦਰ ਮੈਨਨ ਅਤੇ ਜਸਟਿਸ ਏ ਜੇ ਭੰਭਾਨੀ ਦੇ ਬੈਂਚ ਸਾਹਮਣੇ ਇਕ ਪਾਕਿਸਤਾਨੀ ਔਰਤ ਦੇ ਪਤੀ ਦੀ ਪਟੀਸ਼ਨ ਦੇ ਜਵਾਬ ਵਿੱਚ ਗ੍ਰਹਿ ਮੰਤਰਾਲੇ ਨੇ ਇਹ ਦਲੀਲ ਦਿੱਤੀ ਹੈ। ਸਰਕਾਰ ਨੇ ਉਸ ਔਰਤ ਖਿਲਾਫ ਗਲਤ ਸੁਰੱਖਿਆ ਰਿਪੋਰਟਾਂ ਦੇ ਮੱਦੇਨਜ਼ਰ ਉਸ ਨੂੰ ਦੇਸ਼ ਛੱਡਣ ਲਈ ਕਿਹਾ ਸੀ। ਔਰਤ ਦੇ ਪਤੀ ਮੁਤਾਬਕ ਉਸ ਕੋਲ ਲੰਮੇ ਸਮੇਂ ਦੀ ਮਿਆਦ ਵਾਲਾ ਵੀਜ਼ਾ ਹੈ, ਜੋ 2020 ਤੱਕ ਜਾਇਜ਼ ਹੈ। ਸਰਕਾਰੀ ਵਕੀਲ ਅਨੁਰਾਗ ਆਹਲੂਵਾਲੀਆ ਰਾਹੀਂ ਦਾਇਰ ਕੀਤੇ ਆਪਣੇ ਐਫੀਡੇਵਿਟ ਵਿੱਚ ਮੰਤਰਾਲੇ ਨੇ ਕਿਹਾ ਕਿ ਇਕ ਵਾਰ ਜਦੋਂ ਉਹ ਕਿਸੇ ਵਿਦੇਸ਼ੀ ਨੂੰ ਭਾਰਤ ਛੱਡਣ ਵਾਸਤੇ ਨੋਟਿਸ ਦੇਣ ਦਾ ਫੈਸਲਾ ਹੁੰਦਾ ਹੈ ਤਾਂ ਉਸ ਨੂੰ ਕਾਨੂੰਨੀ ਵੀਜ਼ਾ ਹੋਣ ਦੇ ਬਾਵਜੂਦ ਰਹਿਣ ਦਾ ਅਧਿਕਾਰ ਨਹੀਂ ਹੈ। ਮੰਤਰਾਲੇ ਨੇ ਕਿਹਾ ਕਿ ਭਾਰਤ ਛੱਡਣ ਦੇ ਨੋਟਿਸ ਨਾਲ ਆਪਣੇ ਆਪ ਵੀਜ਼ਾ ਮਿਆਦ ਦੀ ਅੱਗੇ ਦੀ ਮਿਆਦ ਰੱਦ ਹੋ ਜਾਂਦੀ ਹੈ। ਕੇਂਦਰ ਸਰਕਾਰ ਵੱਲੋਂ ਕੋਈ ਕਾਨੂੰਨੀ ਜ਼ਿੰਮੇਵਾਰੀ ਨਹੀਂ ਕਿ ਵਿਦੇਸ਼ੀ ਨਾਗਰਿਕ ਨੂੰ ਕਾਰਨ ਦੱਸੋ ਨੋਟਿਸ ਦਿੱਤਾ ਜਾਵੇ। ਅਦਾਲਤ ਨੇ ਇਸ ਕੇਸ ਦੀ ਅਗਲੀ ਤਰੀਕ 13 ਮਈ ਤੈਅ ਕੀਤੀ ਹੈ। ਵਰਨਣ ਯੋਗ ਹੈ ਕਿ 37 ਸਾਲਾ ਔਰਤ 2005 'ਚ ਵਿਆਹ ਕਰਕੇ ਭਾਰਤ ਆਈ ਸੀ ਤੇ ਉਹ ਆਪਣੇ ਪਤੀ ਤੇ ਦੋ ਬੇਟਿਆਂ (11 ਤੇ ਪੰਜ ਸਾਲ) ਨਾਲ ਦਿੱਲੀ 'ਚ ਰਹਿ ਰਹੀ ਹੈ।

# ਹੋਟਲ ਵਿੱਚੋਂ ਵੋਟਿੰਗ ਮਸ਼ੀਨਾਂ ਅਤੇ ਵੀ ਵੀ ਪੈਟ ਮਸ਼ੀਨਾਂ ਮਿਲੀਆਂ

ਮੁਜ਼ੱਫਰਨਗਰ, 8 ਮਈ (ਪੋਸਟ ਬਿਊਰੋ)- ਲੋਕ ਸਭਾ ਦੀਆਂ ਚੋਣਾਂ ਵਿੱਚ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਦੀ ਸੁਰੱਖਿਆ ਬਾਰੇ ਵਿਰੋਧੀ ਪਾਰਟੀਆਂ ਸਵਾਲ ਉਠਾਉਂਦੀਆਂ ਹਨ। ਬਿਹਾਰ ਵਿੱਚ ਲੋਕ ਸਭਾ ਦੀਆਂ ਚੋਣਾਂ ਦੌਰਾਨ ਇੱਕ ਹੋਟਲ ਵਿੱਚੋਂ ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ ਮਿਲਣ ਪਿੱਛੋਂ ਭੜਥੂ ਪੈ ਗਿਆ ਹੈ।

ਬੀਤੇ ਸੋਮਵਾਰ ਮੁਜ਼ੱਫਰਪੁਰ ਦੇ ਇੱਕ ਹੋਟਲ ਤੋਂ ਦੋ ਈ ਵੀ ਐੱਮਜ਼ ਅਤੇ ਦੋ ਵੀ ਵੀ ਪੈਟ ਮਸ਼ੀਨਾਂ ਮਿਲੀਆਂ ਹਨ। ਮੁਜ਼ੱਫਰਪੁਰ ਦੇ ਜ਼ਿਲ੍ਹਾ ਅਧਿਕਾਰੀ ਆਲੋਕ ਰੰਜਨ ਘੋਸ਼ ਨੇ ਕਿਹਾ ਕਿ ਸੈਕਟਰ ਅਧਿਕਾਰੀਆਂ ਨੂੰ ਕੁਝ ਰਿਜ਼ਰਵ ਮਸ਼ੀਨਾਂ ਦਿੱਤੀਆਂ ਗਈਆਂ ਸਨ, ਜਿਨ੍ਹਾਂ ਦੀ ਵਰਤੋਂ ਪੋਲਿੰਗ ਦੌਰਾਨ ਕਿਸੇ ਮਸ਼ੀਨ ਦੇ ਖਰਾਬ ਹੋਣ 'ਤੇ ਕਰਨੀ ਸੀ। ਉਨ੍ਹਾਂ ਦੀ ਕਾਰ ਵਿੱਚ ਦੋ ਬੈਲੇਟ ਯੂਨਿਟ, ਇੱਕ ਕੰਟਰੋਲ ਯੂਨਿਟ ਅਤੇ ਦੋ ਵੀ ਵੀ ਪੈਟ ਮਸ਼ੀਨਾਂ ਸਨ। ਛੇ ਈ ਵੀ ਐੱਮ ਰੱਖਣ 'ਤੇ ਸੰਬੰਧਤ ਪੋਲਿੰਗ ਅਧਿਕਾਰੀ ਨੂੰ ਕਾਰਨ ਦੱਸੋ ਨੋਟਿਸ ਦਿੱਤਾ ਗਿਆ ਹੈ। ਵਿਰੋਧੀ ਪਾਰਟੀਆਂ ਦੇ ਗਠਜੋੜ ਦੇ ਕਈ ਸਥਾਨਕ ਆਗੂਆਂ ਵੱਲੋਂ ਇਹ ਕੇਸ ਉਠਾਏ ਜਾਣ 'ਤੇ ਜ਼ਿਲ੍ਹਾ ਅਧਿਕਾਰੀ ਆਲੋਕ ਰੰਜਨ ਨੇ ਸੈਕਟਰ ਮੈਜਿਸਟਰੇਟ ਅਵਦੇਸ਼ ਕੁਮਾਰ ਨੂੰ ਨੋਟਿਸ ਜਾਰੀ ਕੀਤਾ ਹੈ। ਘੋਸ਼ ਨੇ ਕਿਹਾ ਕਿ ਅਵਦੇਸ਼ ਕੁਮਾਰ ਨੂੰ ਨਿਯਮਾਂ ਵਿਰੁੱਧ ਕੰਮ ਕਰਨ ਲਈ ਇਹ ਨੋਟਿਸ ਦਿੱਤਾ ਗਿਆ ਹੈ। ਈ ਵੀ ਐੱਮ ਨੂੰ ਸੰਬੰਧਤ ਪੋਲਿੰਗ ਕੇਂਦਰ ਤੋਂ ਬਿਨਾਂ ਹੋਰ ਕਿਸੇ ਥਾਂ ਨਹੀਂ ਰੱਖਿਆ ਜਾ ਸਕਦਾ। ਉਨ੍ਹਾਂ ਈ ਵੀ ਐੱਮਜ਼ ਦੀ ਦੁਰਵਰਤੋਂ ਦੇ ਦੋਸ਼ ਰੱਦ ਕਰਦਿਆਂ ਕਿਹਾ ਕਿ ਇਨ੍ਹਾਂ ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ ਨੂੰ ਪੋਲਿੰਗ ਵੇਲੇ ਨਹੀਂ ਸੀ ਵਰਤਿਆ ਗਿਆ ਸੀ। ਸਭ ਨੂੰ ਸੀਲ ਕਰ ਦਿੱਤਾ ਗਿਆ ਹੈ। ਇਸ ਵਿੱਚ ਸ਼ਾਮਲ ਚਾਰ ਪੁਲਸ ਮੁਲਾਜ਼ਮਾਂ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ, ਜਿਨ੍ਹਾਂ ਨੂੰ ਹੋਟਲ ਵਿੱਚ ਮਸ਼ੀਨਾਂ ਨੂੰ ਉਤਾਰਨ ਵਿੱਚ ਮਦਦ ਕੀਤੀ ਸੀ।

ਵਿਰੋਧੀ ਮਹਾਗਠਜੋੜ ਵਿੱਚ ਸ਼ਾਮਲ ਵਿਕਾਸਸ਼ੀਲ ਇਨਸਾਨ ਪਾਰਟੀ, ਜਿਸ ਨੇ ਆਪਣੇ ਉਮੀਦਵਾਰ ਰਾਜ ਭੂਸ਼ਣ ਚੌਧਰੀ ਨੂੰ ਮੁਜ਼ੱਫਰਪੁਰ ਲੋਕ ਸਭਾ ਸੀਟ ਤੋਂ ਚੋਣ ਮੈਦਾਨ ਵਿੱਚ ਉਤਾਰਿਆ ਹੈ, ਦੇ ਸਥਾਨਕ ਆਗੂਆਂ ਵੱਲੋਂ ਇਥੇ ਵਿਖਾਵਾ ਕੀਤਾ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਇਹ ਘਟਨਾ ਸੂਬੇ ਵਿੱਚ ਸੱਤਾਧਾਰੀ ਐਨ ਡੀ ਏ ਦੇ ਹੱਕ ਵਿੱਚ ਸਥਾਨਕ ਪ੍ਰਸ਼ਾਸਨ ਵੱਲੋਂ ਚੋਣਾਂ ਵਿੱਚ ਧਾਂਦਲੀ ਕਰਨ ਦੇ ਯਤਨ ਵੱਲ ਇਸ਼ਾਰਾ ਕਰਦੀ ਹੈ। ਰਾਜਗ ਨੇ ਮੁਜ਼ੱਫਰਪੁਰ ਤੋਂ ਭਾਜਪਾ ਦੇ ਐੱਮ ਪੀ ਅਜੈ ਨਿਸ਼ਾਦ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ।







# ਦ੍ਰਿਸ਼ਟੀਹੀਣ ਲੋਕਾਂ ਲਈ ਸਮਾਰਟ ਸੂਟਕੇਸ ਅਤੇ ਐਪ ਬਣਾਇਆ

ਵਾਸ਼ਿੰਗਟਨ, 8 ਮਈ (ਪੋਸਟ ਬਿਊਰੋ)- ਵਿਗਿਆਨੀਆਂ ਨੇ ਇੱਕ ਅਜਿਹਾ ਸਮਾਰਟ ਸੂਟਕੇਸ ਬਣਾ ਲਿਆ ਹੈ ਜਿਸ ਦੀ ਮਦਦ ਨਾਲ ਦ੍ਰਿਸ਼ਟੀਹੀਣ ਲੋਕ ਕਿਸੇ ਚੀਜ਼ ਨਾਲ ਟਕਰਾਉਣ ਤੋਂ ਬਚ ਸਕਦੇ ਹਨ। ਇਸ ਦੇ ਨਾਲ ਅਜਿਹਾ ਸਮਾਰਟ ਫੋਨ ਐਪ ਵਿਕਸਤ ਕੀਤਾ ਹੈ, ਜਿਸ ਨਾਲ ਉਹ ਜਹਾਜ਼ ਵਿੱਚ ਸੁਰੱਖਿਅਤ ਅਤੇ ਸੁਤੰਤਰ ਰੂਪ ਨਾਲ ਘੁੰਮ ਸਕਦੇ ਹਨ। ਇਨ੍ਹਾਂ ਦਾ ਵਿਕਾਸ ਕਾਰਨੇਗੀ ਮੇਲਨ ਯੂਨੀਵਰਸਿਟੀ ਨੇ ਕੀਤਾ ਤੇ ਇਸ ਨੂੰ ਨੇਵਕੋਗ ਦਾ ਨਾਮ ਦਿੱਤਾ ਗਿਆ ਹੈ।

ਇਹ ਐਪ ਹਰ ਮੋੜ 'ਤੇ ਆਵਾਜ਼ ਦੇ ਨਾਲ ਹਰ ਉਪਯੋਗ ਕਰਤਾ ਨੂੰ ਚੇਤਾਵਨੀ ਦਿੰਦਾ ਅਤੇ ਉਸ ਨੂੰ ਦਰਵਾਜ਼ਿਆਂ ਅਤੇ ਦੂਸਰੀਆਂ ਚੀਜ਼ਾਂ ਨਾਲ ਟਕਰਾਉਣ ਤੋਂ ਬਚਾ ਸਕਦਾ ਹੈ। ਇਸ ਤਰ੍ਹਾਂ ਸੂਟਕੇਸ ਜਦ ਕਿਸੇ ਚੀਜ਼ ਨਾਲ ਟਕਰਾਉਣ ਹੀ ਜਾ ਰਿਹਾ ਹੁੰਦਾ ਹੈ ਤਾਂ ਉਹ ਬੀਪ ਦੀ ਆਵਾਜ਼ ਕਰਦਾ ਹੈ। ਪਿਟਸਬਰਗ ਅੰਤਰਰਾਸ਼ਟਰੀ ਜਹਾਜ਼ ਵਿੱਚ ਇਨ੍ਹਾਂ ਦੋਵਾਂ ਦਾ ਇਸਤੇਮਾਲ ਕੀਤਾ ਗਿਆ ਅਤੇ ਇਨ੍ਹਾਂ ਨੂੰ ਬੇਹੱਦ ਸਫਲ ਮੰਨਿਆ ਗਿਆ।















# Mother's want to see her child as blooming flower



By: Surjit Singh Flora

There is no better job than that of being a mother. It is the most fulfilling, sacrificing, devoting, a life-long task that many women do with love — and without any single penny paid.

It does not matter how famous or significant, poor or rich, and you are in your life, everyone's mothers are special for him or her. Mother is always loving and caring towards her child.

Mother is only the one who will be there for us during the sunny or the stormy days of our lives! Mother's love can never be replaced. She has unconditional love for her children's! She sacrifices her life for us. Right from the time of our birth, she keeps running day and night for us, but the best part is that she has no regrets or worries for what she is doing because she does all things with great love and cares!

Many of the people say it's the most demanding job in the world being a mother, many of them claim it is the most gratifying. But the fact of the matter is that lot of things our mothers do, that go unnoticed and unappreciated.

Every mother is great, and her love for the child is beyond the words. She is always ready to take all the thorns but wants to see her child as a blooming flower.

I don't think that it needs an example to explain how a mother loves her child. She is always there for us. She still stands by us. She sacrifices everything from her interest to her needs to nurture us. It does not matter how do we treat her; she will always be the same loving and charming.

In return we should love her, respect her and do anything to make her feel good. Not only on the Mother's Day but it should be every day will be Mother's Day for the special woman the one brought us on this beautiful land.

As we children grew up, we slowly grasped the wisdom in her words mostly because she led by example and lived by her words every day

The mother word is too small to write and speak, but the meaning is so significant. Often, when a writer starts writing about the mother, the question comes in the mind that what to write about a mother? Whatever today was given to us, who showed this beautiful world, her prayers for us, the words that were written before we fell short on fades. When a man/woman is in pain, 'mother' comes out of his/her mouth, because mother's prayers have a lot of influence. When any medicine does not work, the mother's prayer certainly works.

It is challenging to define the mother's love as well. The mother knows her baby the most. The mother keeps the baby in her womb for nine months, she suffers unbearable pain, but on her face always smiling. Also, someone has said that the mother is God's second form.

Mother's Day is celebrated to honor the mother throughout the world. Mother's Day will be celebrating on May 12 around the globe. So Happy Mother's Day to all!

# ਉਲਝਣਾਂ ਸੁਲਝਾਈਏ, ਪਰਵਾਰ ਬਚਾਈਏ

-ਡਾ. ਰਣਜੀਤ ਸਿੰਘ

ਪਰਵਾਰ ਵਿੱਚ ਰਹਿੰਦਿਆਂ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰਵਾਰਕ ਜੀਵਨ ਵਿੱਚ ਕੇਵਲ ਸੁਖ ਨਹੀਂ, ਦੁੱਖ ਵੀ ਇਸ ਦੀ ਅਨਿੱਖੜਵਾਂ ਅੰਗ ਹਨ। ਘਰ ਵਿੱਚ ਬਿਮਾਰੀ, ਮਾਇਕ ਔਕੜਾਂ, ਆਪਸੀ ਝਗੜਾ, ਬੱਚਿਆਂ ਦੀ ਸੰਭਾਲ ਆਦਿ ਬਹੁਤ ਸਾਰੇ ਮਸਲੇ ਹਨ, ਜਿਹੜੇ ਹਮੇਸ਼ਾ ਫਿਕਰ ਦਾ ਕਾਰਨ ਬਣਦੇ ਹਨ। ਜਦੋਂ ਤੱਕ ਕੋਈ ਮਸਲਾ ਸੁਲਝ ਨਾ ਜਾਵੇ, ਫਿਕਰ ਅਤੇ ਤਣਾਅ ਬਣਿਆ ਰਹਿੰਦਾ ਹੈ। ਅਸੀਂ ਹਮੇਸ਼ਾ ਸੁੱਖ ਦੀ ਪ੍ਰਾਪਤੀ ਦੇ ਯਤਨ ਕਰਦੇ ਹਾਂ, ਪਰ ਆਪਣੇ ਆਪ ਨੂੰ ਸੰਭਾਵੀ ਦੁੱਖਾਂ ਲਈ ਵੀ ਤਿਆਰ ਰੱਖਿਆ ਜਾਵੇ ਤਾਂ ਪਰੇਸ਼ਾਨੀ ਘੱਟ ਹੁੰਦੀ ਹੈ।

ਪਰਵਾਰ ਦਾ ਮੁਖੀ ਸੂਝਵਾਨ ਹੈ ਤਾਂ ਉਹ ਆਪਣੇ ਆਪ ਨੂੰ ਆਉਣ ਵਾਲੀਆਂ ਸਮੱਸਿਆਵਾਂ ਲਈ ਤਿਆਰ ਰੱਖਦਾ ਹੈ। ਇਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਪਰਵਾਰ ਦਾ ਕੋਈ ਮੈਂਬਰ ਬਿਮਾਰ ਹੋ ਜਾਵੇ ਤਾਂ ਜੇ ਪਰਵਾਰ ਦੇ ਮੁਖੀ ਨੇ ਇਸ ਸਬੰਧੀ ਕੋਈ ਯੋਜਨਾ ਬਣਾ ਕੇ ਰੱਖੀ ਹੈ, ਜਿਵੇਂ ਸਿਹਤ ਬੀਮਾ ਜਾਂ ਬਿਮਾਰੀ ਲਈ ਕੁਝ ਰਾਖਵੀਂ ਰਕਮ ਜਾਂ ਕਿਸੇ ਡਾਕਟਰ ਨਾਲ ਜਾਣ ਪਛਾਣ ਤਾਂ ਘੱਟ ਮੁਸ਼ਕਿਲ ਦਾ ਸਾਹ-ਮਣਾ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਹੀ ਬਾਕੀ ਔਕੜਾਂ ਬਾਰੇ ਵੀ ਸੋਚਿਆ ਜਾ ਸਕਦਾ ਹੈ। ਜੇ ਦੁੱਖ ਦਾ ਹਿੰਮਤ ਨਾਲ ਸਾਹਮਣਾ ਕੀਤਾ ਜਾਵੇ ਅਤੇ ਪੂਰੀ ਇਮਾਨਦਾਰੀ ਨਾਲ ਯਤਨ ਕੀਤੇ ਜਾਣ ਤਾਂ ਦੁੱਖ ਤੋਂ ਛੁਟਕਾਰਾ ਪਾਉਣਾ ਆਸਾਨ ਹੋ ਜਾਂਦਾ ਹੈ। ਜੇ ਯਤਨ ਕੀਤੇ ਹੀ ਨਾ ਜਾਣ ਤਾਂ ਦੁੱਖ ਵਿੱਚ ਵਾਧਾ ਹੁੰਦਾ ਹੈ।

ਕੋਈ ਪਰਵਾਰ ਅਜਿਹਾ ਨਹੀਂ, ਜਿਸ ਨੂੰ ਦੁੱਖਾਂ ਤੇ ਮੁਸ਼ਕਿਲਾਂ ਦਾ ਸਾਹਮਣਾ ਨਾ ਕਰਨਾ ਪੈਂਦਾ ਹੋਵੇ, ਪਰ ਜੇ ਆਪਣੇ ਆਪ 'ਤੇ ਭਰੋਸਾ ਹੋਵੇ ਅਤੇ ਵਿਸ਼ਵਾਸ ਹੋਵੇ ਕਿ ਔਖੀ ਘੜੀ ਹਮੇਸ਼ਾ ਨਹੀਂ ਰਹਿੰਦੀ ਤੇ ਯਤਨ ਕੀਤਿਆਂ ਇਸ 'ਤੇ ਛੇਤੀ ਹੀ ਕਾਬੂ ਪਾਇਆ ਜਾ ਸਕਦਾ ਹੈ ਤਾਂ ਔਖੀ ਘੜੀ 'ਤੇ ਕਾਬੂ ਹੋ ਜਾਂਦਾ ਹੈ। ਜੇ ਘਬਰਾ ਕੇ ਯਤਨ ਨਾ ਕੀਤੇ ਜਾਣ ਜਾਂ ਦੂਜਿਆਂ 'ਤੇ ਦੋਸ਼ ਮੜ੍ਹੇ ਜਾਣ ਤਾਂ ਦੁੱਖਾਂ ਦੀ ਘੁੰਮਣਘੇਰੀ ਹੋਰ ਗੰਭੀਰ ਹੋ ਜਾਵੇਗੀ ਤੇ ਉਸ ਵਿੱਚੋਂ ਨਿਕਲਣਾ ਮੁਸ਼ਕਿਲ ਹੋਵੇਗਾ। ਪਰਵਾਰ ਦੇ ਮੈਂਬਰਾਂ ਦਾ ਆਪਸੀ ਪਿਆਰ ਤੇ ਇਕ ਦੂਜੇ 'ਤੇ ਭਰੋਸਾ ਸਾਰੀਆਂ ਮੁਸ਼ਕਿਲਾਂ ਨੂੰ ਸੁਲਝਾਉਣਾ ਸਹਿਜ ਕਰ ਦਿੰਦੇ ਹਨ।

ਮਨੁੱਖੀ ਜੀਵਨ ਨੂੰ ਸਰਵ ਸ੍ਰੇਸ਼ਠ ਮੰਨਿਆ ਗਿਆ ਹੈ। ਸਿਰਜਣਹਾਰ ਨੇ ਮਨੁੱਖ ਨੂੰ ਇੰਨੀ ਸ਼ਕਤੀ ਪ੍ਰਦਾਨ ਕੀਤੀ ਹੈ ਕਿ ਉਹ ਵੱਡੀ ਤੋਂ ਵੱਡੀ ਮੁਸ਼ਕਿਲ ਦਾ ਸਾਹਮਣਾ ਕਰ ਸਕਦਾ ਹੈ। ਇਸ ਸ਼ਕਤੀ ਨੂੰ ਉਜਾਗਰ ਕਰਕੇ ਉਸ ਦੀ ਸਹੀ ਵਰਤੋਂ ਕਰਨ ਦੀ ਲੋੜ ਹੈ। ਇਹ ਮੰਨਿਆ ਗਿਆ ਹੈ ਕਿ ਉਦਾਸ ਤੇ ਨਿਰਾਸ਼ ਬੰਦਿਆਂ ਦੇ ਪੱਲੇ ਹਾਰ ਹੀ ਪੈਂਦੀ ਹੈ। ਚੜ੍ਹਦੀ ਕਲਾ ਦਾ ਮੰਤਰ ਮਨੁੱਖ ਨੂੰ ਹਿੰਮਤ ਅਤੇ ਹੌਸਲੇ ਦੀ ਬਖਸ਼ੀਸ਼ ਕਰਦਾ ਹੈ, ਇਸ ਨਾਲ ਮਨੁੱਖ ਮੁਸ਼ਕਿਲ ਨੂੰ ਵੇਖ ਘਬਰਾਉਂਦਾ ਨਹੀਂ ਹਿੰਮਤ ਨਾਲ ਉਸ ਦਾ ਮੁਕਾਬਲਾ ਕਰਦਾ ਹੈ, ਕਿਉਂਕਿ ਉਸ ਨੂੰ ਯਕੀਨ ਹੁੰਦਾ ਹੈ ਕਿ ਉਹ ਆਪਣੇ ਪਰਵਾਰ ਦੇ ਮੈਂਬਰਾਂ ਦੀ ਸਹਾਇਤਾ ਨਾਲ ਇਸ 'ਤੇ ਕਾਬੂ ਪਾ ਲਵੇਗਾ। ਇਹੋ ਆਤਮ ਵਿਸ਼ਵਾਸ ਸਫਲਤਾ ਦਾ ਆਧਾਰ ਬਣਦਾ ਹੈ। ਸਵੈ ਭਰੋਸੇ ਦੀ ਘਾਟ ਵਾਲੇ ਇਨਸਾਨ ਝਿਜਕ ਦਾ ਸ਼ਿਕਾਰ ਹੋ ਜਾਂਦੇ ਤੇ ਢੇਰੀ ਢਾਹ ਬੈਠਦੇ ਹਨ। ਜਿਨ੍ਹਾਂ ਨੂੰ ਆਪਣੇ ਆਪ ਉਤੇ ਭਰੋਸਾ ਹੁੰਦਾ ਹੈ, ਉਹ ਪੂਰੀ ਲਗਨ ਨਾਲ ਯਤਨ ਕਰਦੇ ਤੇ ਸਮੱਸਿਆ ਨੂੰ ਸੁਲਝਾਉਣ ਲਈ ਲੋੜੀਂਦਾ ਗਿਆਨ ਪ੍ਰਾਪਤ ਕਰਦੇ ਹਨ। ਉਹ ਮੁਸ਼ਕਿਲ ਜਾਂ ਹਾਰ ਦੇ ਕਾਰਨਾਂ ਦੀ ਘੋਖ ਕਰਦੇ ਹਨ ਤੇ ਗਿਆਨ ਦੀ ਸਹਾਇਤਾ ਨਾਲ ਇਨ੍ਹਾਂ ਬਾਰੇ ਵਿਚਾਰ ਵਟਾਂਦਰਾ ਕਰਦੇ ਤੇ ਸੋਚ ਵਿਚਾਰ ਕੇ ਠੋਸ ਫੈਸਲੇ ਲੈਂਦੇ ਹਨ ਤੇ ਸਮੱਸਿਆਵਾਂ ਦਾ ਟਾਕਰਾ ਕਰਨ ਦੀ ਯੋਜਨਾ ਬਣਾ ਲੈਂਦੇ ਹਨ। ਨਵੀਂ ਬਣਾਈ ਯੋਜਨਾ ਉਤੇ ਜੇ ਵਚਨਬੱਧਤਾ ਨਾਲ ਮਿਹਨਤ ਕੀਤੀ ਜਾਵੇ ਤਾਂ ਸਫਲਤਾ ਜ਼ਰੂਰ ਪ੍ਰਾਪਤ ਹੁੰਦੀ ਹੈ। ਅਧੂਰੇ ਯਤਨ ਸਫਲਤਾ ਯਕੀਨੀ ਨਹੀਂ ਬਣਾਉਂਦੇ, ਸਗੋਂ ਮਿੱਥੀ ਯੋਜਨਾ ਅਨੁਸਾਰ ਪੂਰੀ ਸ਼ਕਤੀ ਦੀ ਵਰਤੋਂ ਕੀਤਿਆਂ ਹੀ ਸਫਲਤਾ ਪ੍ਰਾਪਤ ਹੁੰਦੀ ਹੈ। ਸ਼ਕਤੀਸ਼ਾਲੀ ਵਿਚਾਰ ਵੱਡੀਆਂ ਮੁਸੀਬਤਾਂ ਨੂੰ ਵੀ ਹੱਲ ਕਰ ਦਿੰਦੇ ਹਨ। ਇਸ ਕਰਕੇ ਮੁਸ਼ਕਿਲਾਂ ਤੋਂ ਘਬਰਾਉਣਾ ਨਹੀਂ ਚਾਹੀਦਾ, ਸਗੋਂ ਇਹ ਸਾਨੂੰ ਮਜ਼ਬੂਤ ਬਣਾਉਂਦੀਆਂ ਹਨ। ਚੜ੍ਹਦੀ ਕਲਾ ਅਤੇ ਆਤਮ ਵਿਸ਼ਵਾਸ ਹੀ ਮਨੁੱਖੀ ਨੂੰ ਜਿੱਤ ਬਾਰੇ ਸੋਚਣ ਦੀ ਹਿੰਮਤ ਬਖਸ਼ਦੇ ਹਨ। ਜਦੋਂ ਜਿੱਤ ਸੋਚੀ ਜਾਵੇ ਤਾਂ ਜਿੱਤ ਪ੍ਰਾਪਤ ਹੁੰਦੀ ਹੈ। ਚੜ੍ਹਦੀ ਕਲਾ ਅਤੇ ਆਤਮ ਵਿਸ਼ਵਾਸ ਨਾਲ ਗਿਆਨ, ਵਚਨਬੱਧਤਾ ਅਤੇ ਮਿਹਨਤ ਵੀ ਜ਼ਰੂਰੀ ਹੈ। ਇਨ੍ਹਾਂ ਦੇ ਸਹਾਰੇ ਜਦੋਂ ਅੱਗੇ ਵਧਿਆ ਜਾਵੇ ਤਾਂ ਮੰਜ਼ਿਲ ਜ਼ਰੂਰ ਮਿਲ ਜਾਂਦੀ ਹੈ। ਇਹ ਗੁਣ ਇਨਸਾਨ ਅੰਦਰ ਊਰਜਾ ਪੈਦਾ ਕਰਦੇ ਹਨ। ਊਰਜਾ ਪੈਸੇ ਜਾਂ ਕੁਰਸੀ ਤੋਂ ਪ੍ਰਾਪਤ ਨਹੀਂ ਹੁੰਦੀ, ਅਗਾਂਹਵਧੂ ਸੋਚ, ਸਵੈ ਭਰੋਸਾ, ਸਵੈ ਕਾਬੂ ਆਦਿ ਊਰਜਾ ਪੈਦਾ ਕਰਦੇ ਹਨ। ਇਸੇ ਊਰਜਾ ਦੇ ਸਹਾਰੇ ਤੂਫਾਨਾਂ, ਝੱਖੜਾਂ ਅਤੇ ਰਾਹਾਂ ਦੇ ਚਿੱਕੜ ਦਾ ਮੁਕਾਬਲਾ ਕਰਨ ਦਾ ਹੌਸਲਾ ਬਣਦਾ ਹੈ।

ਜਦੋਂ ਕੋਈ ਮੁਸ਼ਕਿਲ ਜਾਂ ਸਮੱਸਿਆ ਹੋਵੇ ਤਾਂ ਘਬਰਾਉਣਾ ਨਹੀਂ ਚਾਹੀਦਾ, ਸਗੋਂ ਇਸ ਨੂੰ ਕੁਝ ਨਵਾਂ ਕਰਨ ਲਈ ਮਿਲਿਆ ਮੌਕਾ ਸਮਝਣਾ ਚਾਹੀਦਾ ਹੈ। ਇਹ ਸੋਚ ਸਾਡੀ ਹਿੰਮਤ ਵਿੱਚ ਵਾਧਾ, ਸੋਚ ਸ਼ਕਤੀ ਦੀ ਮਜ਼ਬੂਤੀ ਤੇ ਯਤਨ ਕਰਨ ਲਈ ਉਕਸਾਏਗੀ। ਜੇ ਘਬਰਾ ਗਏ ਪਹਿਲਾਂ ਹੀ ਹਾਰ ਮੰਨੀ ਗਈ। ਆਪਣੇ ਆਪ ਨੂੰ ਹਾਰਿਆ ਹੋਇਆ ਸਮਝ ਮਨੁੱਖ ਕਦੇ ਵੀ ਸਮੱਸਿਆ ਨੂੰ ਸੁਲਝਾਉਣ ਲਈ ਯਤਨ ਨਹੀਂ ਕਰੇਗਾ। ਇਸ ਕਰਕੇ ਹਿੰਮਤ ਨਾਲ ਖਿੜੇ ਮੱਥੇ ਸਮੱਸਿਆ ਦਾ ਸਵਾਗਤ ਕਰੋ। ਇਸ ਦੇ ਕਾਰਨਾਂ ਦੀ ਘੋਖ ਕਰੋ ਤੇ ਇਨ੍ਹਾਂ ਨੂੰ ਕਿਸੇ ਕਾਗਜ਼ 'ਤੇ ਉਤਾਰੋ। ਇਹ ਕਾਰਜ ਪਰਵਾਰ ਦੇ ਸਾਰੇ ਮੈਂਬਰਾਂ ਨੂੰ ਰਲ ਕੇ ਕਰਨਾ ਚਾਹੀਦਾ ਹੈ।

ਜਦੋਂ ਸਮੱਸਿਆ ਦੇ ਕਾਰਨਾਂ ਦਾ ਪਤਾ ਲੱਗ ਜਾਵੇ ਤਾਂ ਇਨ੍ਹਾਂ ਨੂੰ ਦੂਰ ਕਰਨ ਲਈ ਕੀਤੇ ਜਾਣ ਵਾਲੇ ਯਤਨਾਂ ਬਾਰੇ ਸਾਰਿਆਂ ਨੂੰ ਰਲ ਕੇ ਸੋਚਣਾ ਚਾਹੀਦਾ ਹੈ। ਅਜਿਹਾ ਕਰਦੇ ਸਮੇਂ ਆਪਣੇ ਗਿਆਨ, ਮਾਹਰਾਂ ਅਤੇ ਸੰਗੀ ਸਾਥੀਆਂ ਦਾ ਸਹਾਰਾ ਵੀ ਲਿਆ ਜਾ ਸਕਦਾ ਹੈ। ਸਾਰੀਆਂ ਸੰਭਾਵਨਾਵਾਂ ਦੀ ਸੂਚੀ ਬਣਾਈ ਜਾਵੇ। ਜਦੋਂ ਸੂਚੀ ਤਿਆਰ ਹੋ ਜਾਵੇ ਤਾਂ ਇਨ੍ਹਾਂ ਯਤਨਾਂ ਲਈ ਲੋੜੀਂਦੇ ਸਾਧਨਾਂ ਦੀ ਸੂਚੀ ਬਣਾਈ ਜਾਵੇ। ਤਿਆਰ ਕੀਤੀ ਸੂਚੀ ਦੇ ਸਾਰੇ ਯਤਨਾਂ ਦੀ ਘੋਖ ਕਰੋ। ਇਨ੍ਹਾਂ ਵਿੱਚੋਂ ਸਭ ਤੋਂ ਸ਼ਕਤੀਸ਼ਾਲੀ ਵਿਚਾਰਾਂ ਦੀ ਚੋਣ ਕਰੋ। ਸ਼ਕਤੀਸ਼ਾਲੀ ਵਿਚਾਰ ਵੱਡੀਆਂ ਮੁਸੀਬਤਾਂ ਵੀ ਹੱਲ ਕਰ ਦਿੰਦੇ ਹਨ। ਇਨ੍ਹਾਂ ਵਿੱਚੋਂ ਵੀ ਉਨ੍ਹਾਂ ਵਿਚਾਰਾਂ ਜਾਂ ਯਤਨਾਂ ਦੀ ਚੋਣ ਕਰੋ, ਜਿਨ੍ਹਾਂ ਨੂੰ ਨੇਪਰੇ ਚੜ੍ਹਾਉਣ ਲਈ ਵਸੀਲੇ ਜੁਟਾਏ ਜਾ ਸਕਦੇ ਹਨ। ਚੁਣੇ ਗਏ ਯਤਨਾਂ ਨੂੰ ਪੂਰੀ ਇਮਾਨਦਾਰੀ, ਹਿੰਮਤ ਤੇ ਸਮਾਂ ਸਾਰਣੀ ਬਣਾ ਕੇ ਮਿਹਨਤ ਨਾਲ ਕੰਮ ਸ਼ੁਰੂ ਕੀਤਾ ਜਾਵੇ। ਸਾਰਾ ਪਰਵਾਰ ਜਦੋਂ ਰਲ ਮਿਲ ਕੇ ਮੁਸ਼ਕਿਲ ਦਾ ਸਾਹਮਣਾ ਕਰਦਾ ਹੈ ਤਾਂ ਮੁਸ਼ਕਿਲਾਂ ਆਪਣੇ ਆਪ ਹੱਲ ਹੋ ਜਾਂਦੀਆਂ ਹਨ।

## ਮਿੰਨੀ ਕਹਾਣੀ

## ਫਰਕ

-ਜਗਤਾਰ ਰਤਨ ਭਾਈਰੂਪਾ

ਵੋਟਾਂ ਦੇ ਦਿਨ ਸਨ। ਮੈਂ ਸ਼ਹਿਰ ਦੇ ਰੇਲਵੇ ਫਾਟਕ ਕੋਲ ਖੜਾ ਪਿੰਡ ਜਾਣ ਵਾਲੀ ਬੱਸ ਦਾ ਇੰਤਜ਼ਾਰ ਕਰ ਰਿਹਾ ਸੀ। ਕੁਝ ਸਮੇਂ ਬਾਅਦ ਫਾਟਕ ਬੰਦ ਹੋ ਗਿਆ। ਟਰੈਫਿਕ ਜਾਮ ਹੋਣ ਲੱਗ ਪਿਆ। ਕੁਝ ਸਮੇਂ ਨੂੰ ਵੋਟਾਂ ਵਿੱਚ ਕਿਸਮਤ ਅਜ਼ਮਾ ਰਹੇ ਇਕ ਉਮੀਦਵਾਰ ਦੀਆਂ ਪੰਜ ਛੇ ਗੱਡੀਆਂ ਦਾ ਕਾਫਲਾ ਆਇਆ। ਗੱਡੀਆਂ ਖੜ੍ਹਨ ਸਾਰ ਉਮੀਦਵਾਰ ਗੱਡੀ ਵਿੱਚੋਂ ਉਤਰਿਆ ਤੇ ਉਥੇ ਖੜੇ ਹਰ ਵਿਅਕਤੀ ਨਾਲ ਹੱਥ ਮਿਲਾ ਕੇ, ਵੱਡਿਆਂ ਦੇ ਪੈਰੀਂ ਹੱਥ ਲਾ ਕੇ ਆਪਣੇ ਹੱਕ 'ਚ ਵੋਟਾਂ ਪਾਉਣ ਦੀ ਅਪੀਲ ਕਰ ਰਿਹਾ ਸੀ। ਕੁਝ ਸਮੇਂ ਬਾਅਦ ਫਾਟਕ ਖੁੱਲ੍ਹ ਗਿਆ ਅਤੇ ਸਾਰਾ ਟਰੈਫਿਕ ਵੀ ਚੱਲ ਪਿਆ।

ਕੁਝ ਦਿਨਾਂ ਬਾਅਦ ਚੋਣਾਂ ਹੋਈਆਂ। ਇਹ ਉਮੀਦਵਾਰ ਵੋਟਾਂ ਵਿੱਚ ਜਿੱਤ ਗਿਆ ਸੀ ਅਤੇ ਥੋੜ੍ਹੇ ਦਿਨਾਂ ਬਾਅਦ ਹੀ ਮੰਤਰੀ ਬਣਨ ਦਾ ਸੁਭਾਗ ਪ੍ਰਾਪਤ ਹੋ ਗਿਆ।

ਸਮਾਂ ਆਪਣੀ ਚਾਲ ਚੱਲਦਾ ਰਿਹਾ। ਤਕਰੀਬਨ ਛੇ ਕੁ ਮਹੀਨਿਆਂ ਬਾਅਦ ਸਬੱਬ ਨਾਲ ਫਿਰ ਮੈਂ ਉਸੇ ਫਾਟਕ ਕੋਲ ਖੜ੍ਹਾ ਸੀ। ਫਾਟਕ ਬੰਦ ਹੋਣ ਕਾਰਨ ਟਰੈਫਿਕ ਜਾਮ ਹੋ ਗਿਆ। ਚੋਣਾਂ ਜਿੱਤ ਕੇ ਬਣੇ ਮੰਤਰੀ ਦੀਆਂ ਗੱਡੀਆਂ ਦਾ ਕਾਫਲਾ ਹੂਟਰ ਮਾਰਦਾ ਇਕਦਮ ਆ ਕੇ ਰੁਕ ਗਿਆ। ਗੱਡੀਆਂ ਰੁਕਣ ਸਾਰ ਸੁਰੱਖਿਆ ਅਮਲੇ ਨੇ ਮੰਤਰੀ ਜੀ ਦੀ ਗੱਡੀ ਨੂੰ ਘੇਰਾ ਪਾ ਲਿਆ। ਸਾਰੀ ਜਨਤਾ ਨੂੰ ਦੂਰ ਕਰ ਦਿੱਤਾ ਅਤੇ ਮੰਤਰੀ ਜੀ ਕਾਲੇ ਸ਼ੀਸ਼ਿਆਂ ਵਾਲੀ ਏ ਸੀ ਗੱਡੀ ਵਿੱਚ ਆਰਾਮ ਫਰਮਾ ਰਹੇ ਸਨ ਅਤੇ ਮੈਂ ਸਮੇਂ-ਸਮੇਂ ਦੇ ਫਰਕ ਬਾਰੇ ਸੋਚ ਰਿਹਾ ਸੀ।


# ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224



Tri-City Professional Realty Inc., Brokerage. Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777



31 Melanie Dr. Unit #4 Brampton, ON L6T 5H8

Avtar Singh Tiwana
Sales Rep.

FOR SALE — Photo Not Available — $129,900 — Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।

FOR SALE — $969,900 — Sandalwood/ Sunny Meadow
5 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ ਨੂੰ 2 ਬੈਡਰੂਮ ਫੀਨਿਸ਼ਡ ਬੈਸਮੈਂਟ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

FOR SALE — $799,900 — Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

FOR SALE — $3,249,000 — Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।



TCMPLUS

10 YEARS' FAMOUS TRADITIONAL CHINESE MEDICINE CLINIC

Herbal and Acupuncture.
Treat your roots, Real Result "NO FAKE".

WE TREAT:

- Diabetes
- Low Energy
- Depression
- Anxiety
- Gout
- Disc Pain
- Prostatitis
- High Blood Pressure
- Cron's Disease
- Colitis
- Stress
- Acid Reflux
- Digestive
- Sleep Disorder

1st Month Discount

FREE CONSULTATION: 905-415-6999
30 Wertheim court, Unit 11, Richmond Hill



GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage, Independently Owned and Operated.

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

Office: 905-488-2100
Ext. 348

# ਨੌਜਵਾਨਾਂ ਨੂੰ ਹੀਣ ਭਾਵਨਾ ਦਾ ਸ਼ਿਕਾਰ ਹੋਣ ਤੋਂ ਬਚਾਉਣ ਦੀ ਲੋੜ

-ਪੂਰਨ ਚੰਦ ਸਰੀਨ-

ਅੱਜ ਦੁਨੀਆ ਵਿੱਚ ਇਸ ਗੱਲ ਉਤੇ ਚਿੰਤਾ ਪ੍ਰਗਟਾਈ ਜਾ ਰਹੀ ਹੈ ਕਿ ਵਧਦੀ ਉਮਰ, ਭਾਵ ਬਚਪਨ ਤੋਂ ਜਵਾਨ ਹੋਣ ਤੱਕ ਦੀ ਪੀੜ੍ਹੀ ਇਕ ਅਜਿਹੇ ਦੌਰ 'ਚੋਂ ਲੰਘ ਰਹੀ ਹੈ, ਜੋ ਹੀਣ ਭਾਵਨਾ ਤੋਂ ਲੈ ਕੇ ਕਈ ਤਰ੍ਹਾਂ ਦੇ ਮਾਨਸਿਕ ਰੋਗਾਂ ਦਾ ਸ਼ਿਕਾਰ ਹੋ ਰਹੀ ਹੈ ਜਾਂ ਫਿਰ ਹਿੰਸਕ ਰਵੱਈਏ ਕਾਰਨ ਅਪਰਾਧੀ ਬਣਦੀ ਜਾ ਰਹੀ ਹੈ। ਇਹ ਸਮੱਸਿਆ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਲਈ ਹੋਰ ਵੀ ਗੰਭੀਰ ਹੈ, ਕਿਉਂਕਿ ਵਿਕਸਿਤ ਦੇਸ਼ਾਂ ਦੀ ਕਤਾਰ ਵਿੱਚ ਆਉਣ ਲਈ ਇਹ ਨਾ ਸਿਰਫ ਰੁਕਾਵਟ ਹੈ, ਸਗੋਂ ਪੱਛੜੇ ਦੇਸ਼ਾਂ ਦੀ ਕਤਾਰ 'ਚ ਮੁੜ ਲਿਜਾ ਕੇ ਖੜਾ ਕਰ ਸਕਦੀ ਹੈ। ਕਾਰਨ ਇਹ ਹੈ ਕਿ ਵਿਕ-ਸਿਤ ਅਤੇ ਵਿਕਾਸਸ਼ੀਲ ਹੋਣ ਵਿਚਾਲੇ ਜੋ ਫਰਕ ਹੈ, ਉਸ ਨੂੰ ਸਮਝਣ ਦੀ ਭੁੱਲ ਅਕਸਰ ਮਾਂ ਪਿਓ ਤੋਂ ਲੈ ਕੇ ਦੇਸ਼ ਦੇ ਸੂਤਰਧਾਰਾਂ ਤੱਕ ਤੋਂ ਹੋ ਜਾਂਦੀ ਹੈ। ਇਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਭਾਰਤ ਨੂੰ ਨੌਜਵਾਨ ਦੇਸ਼ ਕਹਿਣ ਅਤੇ ਨੌਜਵਾਨ ਪੀੜ੍ਹੀ ਨੂੰ ਭਵਿੱਖ ਦੀ ਨਾਇਕ ਬਣਾਉਣ ਦਾ ਐਲਾਨ ਕਰਨ ਵਾਲੇ ਨੇਤਾਵਾਂ ਤੋਂ ਲੈ ਕੇ ਨੌਜਵਾਨਾਂ ਦੇ ਮਾਪਿਆਂ ਤੱਕ ਵੱਲੋਂ ਅਜਿਹੀ ਪਹਿਲ ਕੀਤੀ ਜਾਵੇ ਅਤੇ ਅਜਿਹੇ ਪ੍ਰਬੰਧ ਕੀਤੇ ਜਾਣ ਕਿ ਇਹ ਸੰਭਵ ਹੋ ਸਕੇ।

ਸਭ ਤੋਂ ਪਹਿਲਾਂ ਇਹ ਗੱਲ ਆਉਂਦੀ ਹੈ ਕਿ ਪਰਵਾਰ ਵੱਲੋਂ ਬੱਚਿਆਂ 'ਤੇ ਵੱਖ-ਵੱਖ ਤਰ੍ਹਾਂ ਦਾ ਦਬਾਅ, ਜਿਵੇਂ ਉਨ੍ਹਾਂ ਦੀ ਪੜ੍ਹਾਈ ਲਿਖਾਈ, ਘੱਟ ਨੰਬਰ ਲਿਆਉਣ ਉੱਤੇ ਡਾਂਟਣਾ, ਦੋਸਤਾਂ ਨਾਲ ਮੇਲ ਜੋਲ ਖਾਨਦਾਨ ਦੀ ਹੈਸੀਅਤ ਮੁਤਾਬਕ ਰੱਖਣਾ, ਪਹਿਰਾਵਾ, ਉਠਣ ਬੈਠਣ ਤੋਂ ਲੈ ਕੇ ਚੱਲਣ ਫਿਰਨ ਤੱਕ ਦੀਆਂ ਹਦਾਇਤਾਂ ਦਿੰਦੇ ਰਹਿਣਾ ਅਤੇ ਅੱਜ ਕੱਲ੍ਹ ਸੋਸ਼ਲ ਮੀਡੀਆ 'ਤੇ ਸਮਾਰਟ ਫੋਨਜ਼ ਦੀ ਵਰਤੋਂ 'ਤੇ ਨਸੀਹਤ ਦੇਣਾ ਆਦਿ ਉਨ੍ਹਾਂ ਨੂੰ ਬਗਾਵਤ ਕਰਨ ਲਈ ਉਕਸਾ ਸਕਦਾ ਹੈ ਜਾਂ ਹੀਣ ਭਾਵਨਾ ਦਾ ਸ਼ਿਕਾਰ ਬਣਾ ਸਕਦਾ ਹੈ।

ਨੌਜਵਾਨਾਂ 'ਚ ਖਿਝ ਪੈਦਾ ਹੋਣ ਦੀ ਇਕ ਵਜ੍ਹਾ ਇਹ ਹੁੰਦੀ ਹੈ ਕਿ ਪਰਵਾਰ ਜਾਂ ਰਿਸ਼ਤੇਦਾਰ ਅਤੇ ਉਨ੍ਹਾਂ ਨੂੰ ਮਿਲਣ ਜੁਲਣ ਵਾਲੇ ਹੋਰ ਲੋਕ ਨੌਜਵਾਨਾਂ 'ਤੇ ਆਪਣੀ ਧੌਂਸ ਜਮਾਉਂਦੇ ਰਹਿੰਦੇ ਹਨ, ਕਈ ਵਾਰ ਉਨ੍ਹਾਂ ਦਾ ਅਪਮਾਨ ਵੀ ਕਰ ਦਿੰਦੇ ਹਨ। ਅਜਿਹੀਆਂ ਗੱਲਾਂ ਦਾ ਨਤੀਜਾ ਇਹ ਨਿਕਲਦਾ ਹੈ ਕਿ ਨੌਜਵਾਨ, ਚਾਹੇ ਉਹ ਮੁੰਡਾ ਹੋਵੇ ਜਾਂ ਕੁੜੀ, ਅਜਿਹੇ ਅਪਰਾਧ ਬੋਧ ਦਾ ਸ਼ਿਕਾਰ ਹੋ ਜਾਂਦਾ ਹੈ, ਜੋ ਉਸ ਨੇ ਕੀਤਾ ਹੀ ਨਹੀਂ ਹੁੰਦਾ। ਉਸ ਅੰਦਰ ਆਤਮ ਵਿਸ਼ਵਾਸ ਦੀ ਕਮੀ ਹੋਣ ਲੱਗਦੀ ਹੈ ਤੇ ਇਹ ਧਰਨਾ ਬਣਦੀ ਜਾਂਦੀ ਹੈ ਕਿ ਕੁਝ ਵੀ ਕਰ ਲਓ, ਇਨ੍ਹਾਂ ਨੂੰ ਖੁਸ਼ ਨਹੀਂ ਕੀਤਾ ਜਾ ਸਕਦਾ। ਕਈ ਵਾਰ ਅਜਿਹੇ ਨੌਜਵਾਨ ਚੋਰੀ ਛਿਪੇ ਜਾਂ ਇਕੱਲੇ ਹੋਣ ਤਾਂ ਰੋਣ ਲੱਗ ਪੈਂਦੇ ਹਨ ਅਤੇ ਜੇ ਇਹ ਸਿਲਸਿਲਾ ਲੰਮਾ ਚੱਲ ਜਾਵੇ ਤਾਂ ਇਹ ਰੋਣਾ ਉਮਰ ਭਰ ਉਨ੍ਹਾਂ ਦਾ ਪਿੱਛਾ ਨਹੀਂ ਛੱਡਦਾ। ਜ਼ਿੰਦਗੀ 'ਚ ਅਸਫਲ ਹੋਣ 'ਤੇ ਵੀ ਉਹ ਖੁਦ ਨੂੰ ਕਸੂਰਵਾਰ ਮੰਨਦਦੇ ਹਨ ਅਤੇ ਇਨੇ ਟੁੱਟ ਜਾਂਦੇ ਹਨ ਕਿ ਮਾਮੂਲੀ ਗੱਲ ਵੀ ਡਿਪਰੈਸ਼ਨ ਜਾਂ ਫਿਰ ਖੁਦਕੁਸ਼ੀ ਦਾ ਰਾਹ ਦਿਖਾਉਣ ਲਈ ਕਾਫੀ ਹੁੰਦੀ ਹੈ।

ਜੋ ਅੱਜ ਵਿਕਸਿਤ ਦੇਸ਼ ਕਹਾਉਂਦੇ ਹਨ, ਉਨ੍ਹਾਂ ਨੇ ਆਪਣੀ ਵਿਕਾਸਸ਼ੀਲ ਅਵਸਥਾ 'ਚ ਇਹ ਗੱਲ ਸਮਝ ਲਈ ਸੀ ਅਤੇ ਨੌਜਵਾਨਾਂ ਦੇ ਪਾਲਣ ਪੋਸ਼ਣ, ਉਨ੍ਹਾਂ ਦੀ ਸਿੱਖਿਆ ਅਤੇ ਉਨ੍ਹਾਂ ਨੂੰ ਤਣਾਅ ਤੋਂ ਬਚਾਈ ਰੱਖਣ ਲਈ ਅਜਿਹੀਆਂ ਕਾਨੂੰਨੀ ਤੇ ਸਮਾਜਿਕ ਵਿਵਸਥਾਵਾਂ ਲਾਗੂ ਕੀਤੀਆਂ ਕਿ ਉਥੋਂ ਦਾ ਨੌਜਵਾਨ ਵਰਗ ਖੁਦ ਨੂੰ ਸਮਰੱਥ ਬਣਾਉਣ 'ਚ ਸਫਲ ਹੋ ਗਿਆ ਅਤੇ ਆਪਣੀ ਪਛਾਣ ਖੁਦ ਬਣਾਉਣ ਦੀ ਦਿਸ਼ਾ 'ਚ ਅੱਗੇ ਵਧ ਗਿਆ। ਜਿਨ੍ਹਾਂ ਪਰਵਾਰਾਂ 'ਚ ਨੌਜਵਾਨਾਂ ਨੂੰ ਅਜਿਹਾ ਮਾਹੌਲ ਮਿਲਿਆ, ਉਨ੍ਹਾਂ ਨੂੰ ਹਰ ਖੇਤਰ 'ਚ ਅੱਗੇ ਵਧਦੇ ਦੇਖਿਆ ਗਿਆ ਹੈ। ਬਦਕਿਸਮਤੀ ਇਹ ਹੈ ਕਿ ਅਜਿਹੇ ਨੌਜਵਾਨਾਂ ਦੀ ਗਿਣਤੀ ਬਹੁਤ ਥੋੜ੍ਹੀ ਹੈ। ਵੱਡੀ ਗਿਣਤੀ ਨੌਜਵਾਨ ਸਰੀਰਕ ਅਤੇ ਮਾਨਸਿਕ ਤੌਰ 'ਤੇ ਪ੍ਰਪੱਕ ਤੇ ਉਹ ਆਪਣੀ ਜ਼ਿੰਦਗੀ 'ਚ ਬੁਰਾ ਭਲਾ ਸਮਝਣ ਦੇ ਸਮਰੱਥ ਨਹੀਂ ਹੁੰਦੇ। ਉਨ੍ਹਾਂ ਨੂੰ ਕਿਸੇ ਝੁੰਡ ਵਾਂਗ ਜਿੱਧਰ ਤੋਰ ਦਿੱਤਾ, ਓਧਰ ਹੀ ਚੱਲ ਪੈਂਦੇ ਹਨ। ਭਾਰਤ ਦੇ ਨੌਜਵਾਨ ਵਰਗ ਦੀ ਇਹ ਕਿੰਨੀ ਖਤਰਨਾਕ ਸਥਿਤੀ ਹੈ ਕਿ ਉਹ ਬਿਨਾਂ ਕੰਮ ਕੀਤਿਆਂ ਮੁਫਤ 'ਚ ਕੁਝ ਮਿਲ ਜਾਣ ਅਤੇ ਬਿਨਾਂ ਯੋਗਤਾ ਦੇ ਨੌਕਰੀ ਦੀ ਇੱਛਾ ਰੱਖਦੇ ਹਨ। ਜਦੋਂ ਅਜਿਹਾ ਨਹੀਂ ਹੁੰਦਾ ਤਾਂ ਉਹ ਅਪਰਾਧਾਂ ਵੱਲ ਤੁਰ ਪੈਂਦੇ ਹਨ। ਸਾਡੇ ਸੁਭਾਵਿਕ ਗੁਣਾਂ 'ਚ ਜਿਥੇ ਇਕ ਪਾਸੇ ਕੁਦਰਤੀ ਗੁਣ ਹੁੰਦੇ ਹਨ, ਉਥੇ ਹੀ ਪਾਲਣ ਪੋਸ਼ਣ ਨਾਲ ਬਣਿਆ ਸੁਭਾਅ ਵੀ ਹੁੰਦਾ ਹੈ, ਜੋ ਕਿਸੇ ਦੀ ਵੀ ਸ਼ਖਸੀਅਤ ਤੈਅ ਕਰਦਾ ਹੈ। ਜੇ ਕੋਈ ਆਪਣੀ ਔਲਾਦ ਨੂੰ ਆਮ ਬੁੱਧੀ ਵਾਲੀ ਹੋਣ 'ਤੇ ਵੀ ਲੱਖਾਂ 'ਚੋਂ ਇਕ ਕਹੇ ਅਤੇ ਉਸ ਨੂੰ ਆਪਣੇ ਵਰਗੇ ਲੋਕਾਂ ਕੋਲ ਉਠਣ ਬੈਠਣ ਤੋਂ ਰੋਕੇ ਤਾਂ ਅਜਿਹੀ ਐਲਾਨ ਵੱਡੀ ਹੋ ਕੇ ਖੁਦ ਨੂੰ ਨਿੱਖੜਿਆ ਮਹਿਸੂਸ ਕਰਦੀ ਹੈ। ਜਿਹੜਾ ਨੌਜਵਾਨ ਸਮਝਦਾ ਹੈ ਕਿ ਉਸ ਨੂੰ ਹਰ ਜਗ੍ਹਾ ਮਾਣ ਸਨਮਾਨ ਮਿਲਣਾ ਚਾਹੀਦਾ ਹੈ ਅਤੇ ਇਸ ਆਧਾਰ 'ਤੇ ਉਹ ਇਸ ਡਰ 'ਚ ਜਿਉਂਦਾ ਹੈ ਕਿ ਕੋਈ ਉਸ ਦੀ ਜਗ੍ਹਾ ਤਾਂ ਨਹੀਂ ਲੈ ਲਵੇਗਾ?



ਜੋ ਲੋਕ ਆਪਣੇ ਬਚਪਨ ਅਤੇ ਜਵਾਨੀ 'ਚ ਹੀਣ ਭਾਵਨਾ ਜਾਂ ਸ੍ਰੇਸ਼ਠ ਭਾਵਨਾ ਦਾ ਸ਼ਿਕਾਰ ਹੁੰਦੇ ਹਨ, ਉਹ ਉਮਰ ਭਰ ਇਨ੍ਹਾਂ ਭਾਵਨਾਵਾਂ ਦੀ ਕੀਮਤ ਚੁਕਾਉਂਦੇ ਹਨ। ਬਚਪਨ ਦੀ ਨਿਰਭਰਤਾ ਵੱਡੇ ਹੋਣ ਤੱਕ ਬਾਲਗ ਹੋਣ ਦੀ ਆਜ਼ਾਦੀ 'ਚ ਬਦਲ ਜਾਂਦੀ ਹੈ। ਇਹ ਜੋ ਸਮਾਜ 'ਚ ਨੌਜਵਾਨ ਵਰਗ ਦਾ ਡਰੱਗਜ਼ ਤੋਂ ਲੈ ਕੇ ਆਧੁਨਿਕਤਾ ਦੇ ਨਾਂ 'ਤੇ ਸਰੀਰਕ ਸਬੰਧਾਂ 'ਚ ਖੁੱਲ੍ਹੇਪਣ ਦਾ ਪ੍ਰਗਟਾਵਾ ਦਿਖਾਈ ਦਿੰਦਾ ਹੈ, ਉਹ ਇਸੇ ਗੱਲ ਦਾ ਨਤੀਜਾ ਹੈ ਕਿ ਨੈਤਿਕ ਕਦਰਾਂ ਕੀਮਤਾਂ 'ਚ ਲਗਾਤਾਰ ਗਿਰਾਵਟ ਆ ਰਹੀ ਹੈ ਅਤੇ ਭ੍ਰਿਸ਼ਟ ਆਚਰਣ ਨੂੰ ਅੱਗੇ ਵਧਣ ਦੀ ਪੌੜੀ ਮੰਨ ਲਿਆ ਗਿਆ ਹੈ। ਜਿਥੋਂ ਤੱਕ ਹੀਣ ਭਾਵਨਾ ਦਾ ਸਬੰਧ ਹੈ, ਇਹ ਕੁਝ ਨੌਜਵਾਨਾਂ 'ਤੇ ਇੰਨੀ ਜ਼ਿਆਦਾ ਹਾਵੀ ਹੋ ਜਾਂਦੀ ਹੈ ਕਿ ਉਨ੍ਹਾਂ ਅੰਦਰ ਸੁਭਾਵਿਕ ਗੁਣ ਪੈਦਾ ਨਹੀਂ ਹੋਣ ਦਿੰਦੀ ਤੇ ਬਹੁਤ ਜ਼ਿਆਦਾ ਸ਼ਰਮੀਲੇ ਬਣਾ ਦਿੰਦੀ ਹੈ। ਉਨ੍ਹਾਂ ਅੰਦਰ ਜ਼ਿੰਦਗੀ 'ਚ ਅਸਫਲ ਹੋਣ ਦਾ ਡਰ ਇੰਨਾ ਹਾਵੀ ਹੋ ਜਾਂਦਾ ਹੈ ਕਿ ਕੋਸ਼ਿਸ਼ ਕਰਨੀ ਛੱਡ ਦਿੰਦੇ ਹਨ ਅਤੇ ਦੂਜਿਆਂ ਦੀ ਕਹੀ ਮਾਮੂਲੀ ਗੱਲ ਨੂੰ ਵੀ ਦਿਲ 'ਤੇ ਲਾ ਲੈਂਦੇ ਹਨ।

ਇਸੇ ਤਰ੍ਹਾਂ ਸ੍ਰੇਸ਼ਠ ਭਾਵਨਾ ਦੇ ਸ਼ਿਕਾਰ ਲੋਕ ਆਪਣੀ ਸਹੀ ਆਲੋਚਨਾ ਵੀ ਨਹੀਂ ਸੁਣਨਾ ਚਾਹੁੰਦੇ। ਉਹ ਆਪਣੇ ਆਸ ਪਾਸ ਉਹੀ ਦੇਖਣਾ ਜਾਂ ਸੁਣਨਾ ਚਾਹੁੰਦੇ ਹਨ, ਜੋ ਉਨ੍ਹਾਂ ਨੂੰ ਪਸੰਦ ਹੋਵੇ। ਉਹ ਹਮੇਸ਼ਾ ਆਪਣੀ ਤਾਰੀਫ ਸੁਣਨਾ ਚਾਹੁੰਦੇ ਹਨ ਤੇ ਜਦੋਂ ਏਦਾਂ ਨਹੀਂ ਹੁੰਦਾ ਤਾਂ ਹਿੰਸਕ ਰਵੱਈਆ ਧਾਰਨ ਕਰ ਲੈਂਦੇ ਹਨ। ਕਈ ਵਾਰ ਉਨ੍ਹਾਂ ਨੂੰ ਆਲੋਚਨਾ ਦਾ ਇੰਨਾ ਡਰ ਲੱਗਦਾ ਹੈ ਕਿ ਉਹ ਇਕਲਾਪੇ ਦਾ ਸ਼ਿਕਾਰ ਹੋ ਜਾਂਦੇ ਹਨ, ਜਿਸ ਦਾ ਅੰਤ ਕਦੇ-ਕਦੇ ਬਹੁਤ ਭਿਆਨਕ ਹੁੰਦਾ ਹੈ।

ਇਹ ਕੋਈ ਡਰਾਉਣ ਵਾਲੀ ਗੱਲ ਨਹੀਂ, ਸਗੋਂ ਅਸਲੀਅਤ ਹੈ ਕਿ ਸਾਡੀ ਨੌਜਵਾਨ ਪੀੜ੍ਹੀ 'ਚ ਦੋ ਵਰਗ ਹੋ ਗਏ ਹਨ। ਇਕ ਹੈ ਸਿਆਸੀ ਪਰਵਾਰਾਂ 'ਚੋਂ ਨਿਕਲਿਆ ਖੁਸ਼ਹਾਲ ਨੌਜਵਾਨ ਵਰਗ, ਜਿਸ ਨੂੰ ਵਿਰਾਸਤ 'ਚ ਉਹ ਸਭ ਕੁਝ ਮਿਲ ਜਾਂਦਾ ਹੈ, ਜਿਸ ਨੂੰ ਹਾਸਲ ਕਰਨ ਲਈ ਚੰਗੀ ਪੜ੍ਹਾਈ ਲਿਖਾਈ ਕਰਨ, ਮਿਹਨਤ ਕਰਨ ਦੀ ਲੋੜ ਹੁੰਦੀ ਹੈ। ਇਸ ਵਰਗ ਨੂੰ ਆਪਣੇ ਪਰਵਾਰ, ਤਾਕਤ ਅਤੇ ਸੱਤਾ ਦੇ ਨਸ਼ੇ ਦਾ ਸੁਆਦ ਬਚਪਨ ਵਿੱਚ ਮਿਲ ਚੁੱਕਾ ਹੁੰਦਾ ਹੈ, ਜਿਸ ਦੇ ਸਿੱਟੇ ਵਜੋਂ ਅਜਿਹੇ ਨੌਜਵਾਨ ਆਪਣੇ ਆਪ-ਪਾਸ ਚਾਪਲੂਸਾਂ ਦੀ ਭੀੜ ਰੱਖਦੇ ਤੇ ਦੇਸ਼ ਦੇ ਸੋਮਿਆਂ 'ਤੇ ਆਪਣਾ ਜਨਮਸਿੱਧ ਅਧਿਕਾਰ ਸਮਝਦੇ ਹਨ। ਇਸ ਦੇ ਉਲਟ ਬਹੁਗਿਣਤੀ ਨੌਜਵਾਨ ਉਹ ਗਰੀਬ ਅਤੇ ਅਨਪੜ੍ਹ ਹੈ। ਉਸ ਦੀ ਝੋਲੀ 'ਚ ਕੁਝ ਵੀ ਪਾ ਦਿੱਤਾ ਜਾਵੇ, ਉਹ ਸਵੀਕਾਰ ਕਰ ਲੈਂਦਾ ਹੈ। ਇਸ ਵਰਗ 'ਚੋਂ ਬਹੁਤ ਥੋੜ੍ਹੇ ਨੌਜਵਾਨ ਆਪਣੀ ਸਿੱਖਿਆ ਅਤੇ ਸਮਰੱਥਾ ਦੇ ਦਮ 'ਤੇ ਅੱਗੇ ਵਧਣ 'ਚ ਸਫਲ ਹੋਏ, ਪਰ ਖੁਸ਼ਹਾਲ ਵਰਗ ਨੇ ਉਨ੍ਹਾਂ ਦੇ ਰਾਹ ਰੋਕਣ 'ਚ ਵੀ ਕੋਈ ਕਸਰ ਨਹੀਂ ਛੱਡੀ। ਜੋ ਬੀਤ ਗਿਆ, ਸੋ ਬੀਤ ਗਿਆ। ਉਸ ਨੂੰ ਭੁਲਾ ਕੇ ਵਰਤਮਾਨ ਵਿੱਚ ਜਿਊਣ ਦੀ ਆਦਤ ਨੂੰ ਅਪਨਾਉਣਾ ਪਵੇਗਾ ਅਤੇ ਆਪਣਾ ਟੀਚਾ ਹਾਸਲ ਕਰਨ ਲਈ ਸਹੀ ਸਮੇਂ 'ਤੇ ਆਪਣੀ ਗੱਲ ਕਹਿਣ ਦਾ ਮੰਤਰ ਜਪਣਾ ਪਵੇਗਾ।

# ਕੀ ਚੋਣ ਕਮਿਸ਼ਨ ਨਿਰਪੱਖ ਭੂਮਿਕਾ ਨਿਭਾਅ ਰਿਹੈ ?

-ਕਲਿਆਣੀ ਸ਼ੰਕਰ

ਸ਼ਾਇਦ ਭਾਰਤ ਦਾ ਚੋਣ ਕਮਿਸ਼ਨ ਕਦੇ ਵੀ ਇੰਨਾ ਸ਼ੱਕ ਦੇ ਘੇਰੇ ਵਿੱਚ ਨਹੀਂ ਸੀ, ਜਿੰਨਾ ਕੁ ਅੱਜ ਹੈ। ਇਨ੍ਹਾਂ ਆਮ ਚੋਣਾਂ ਵਿੱਚ ਧਰੁਵੀਕਰਨ ਲਈ ਹੋ ਰਹੇ ਪ੍ਰਚਾਰ ਨੇ ਰੌਸ਼ਨੀ ਸਿੱਧੀ ਰੈਫਰੀ 'ਤੇ, ਭਾਵ ਚੋਣ ਕਮਿਸ਼ਨ 'ਤੇ ਪਾ ਦਿੱਤੀ ਹੈ। ਇੱਕ ਨਿਰਪੱਖ ਪਹਿਰੇਦਾਰ ਵਜੋਂ ਚੋਣ ਕਮਿਸ਼ਨ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਸਿਆਸੀ ਪਾਰਟੀਆਂ ਨੂੰ ਇੱਕੋ ਜਿਹਾ ਮੈਦਾਨ ਪੇਸ਼ ਕਰਾਏ। ਇਹ ਧਾਰਨਾ ਆਦਮ ਹੈ ਕਿ ਇਸ ਸੰਬੰਧ ਵਿੱਚ ਸੱਤਾਧਾਰੀ ਪਾਰਟੀ ਵਿਰੁੱਧ ਆਪੋਜ਼ੀਸ਼ਨ ਦੀਆਂ ਸ਼ਿਕਾਇਤਾਂ ਦਾ ਇਹ ਨਿਪਟਾਰਾ ਨਹੀਂ ਕਰ ਰਿਹਾ। ਨਿਰਾਸ਼ ਹੋਏ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਨੇ ਪਿਛਲੇ ਹਫਤੇ ਚੋਣ ਕਮਿਸ਼ਨ ਨੂੰ ਵਿਰੋਧੀ ਧਿਰ ਦੇ ਵਿਰੁੱਧ 'ਪੂਰੀ ਤਰ੍ਹਾਂ ਪੱਖਪਾਤੀ' ਦੱਸਿਆ ਅਤੇ ਕਿਹਾ ਕਿ ਜਦੋਂ ਭਾਜਪਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕੇਸ ਆਉਂਦਾ ਹੈ ਤਾਂ ਚੋਣ ਕਮਿਸ਼ਨ ਸਿੱਧੀ ਲਾਈਨ 'ਤੇ ਚੱਲਦਾ ਹੈ, ਪਰ ਜਦੋਂ ਵਿਰੋਧੀ ਧਿਰ ਦੀ ਗੱਲ ਆਉਂਦੀ ਹੈ ਤਾਂ ਪੱਖਪਾਤੀ ਬਣ ਜਾਂਦਾ ਹੈ। ਮੀਡੀਆ ਨਾਲ ਗੱਲਬਾਤ ਵਿੱਚ ਉਨ੍ਹਾਂ ਨੇ ਭਵਿੱਖ ਵਿੱਚ ਪੱਖਪਾਤੀ ਰਵੱਈਆ ਅਪਣਾਉਣ ਲਈ ਚੋਣ ਕਮਿਸ਼ਨ ਦੇ ਅਧਿਕਾਰੀਆਂ ਨੂੰ 'ਨਤੀਜੇ ਭੁਗਤਣ' ਦੀ ਧਮਕੀ ਤੱਕ ਦੇ ਦਿੱਤੀ।

ਇਕੱਲੇ ਰਾਹੁਲ ਗਾਂਧੀ ਅਜਿਹੇ ਨੇਤਾ ਨਹੀਂ, ਜਿਨ੍ਹਾਂ ਨੂੰ ਚੋਣ ਕਮਿਸ਼ਨ ਤੋਂ ਗਿਲਾ ਹੈ, ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐੱਨ ਚੰਦਰਬਾਬੂ ਨਾਇਡੂ, ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ, ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ, ਬਸਪਾ ਦੀ ਮੁਖੀ ਮਾਇਆਵਤੀ, ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਆਦਿ ਕਈ ਨੇਤਾ ਹਨ, ਜਿਨ੍ਹਾਂ ਨੇ ਸੱਤਾਧਾਰੀ ਪਾਰਟੀ ਦੇ ਨੇਤਾਵਾਂ ਪ੍ਰਤੀ ਚੋਣ ਕਮਿਸ਼ਨ ਦੇ ਪੱਖਪਾਤੀ ਹੋਣ ਦੀ ਸ਼ਿਕਾਇਤ ਕੀਤੀ ਹੈ। ਦੂਜੇ ਪਾਸੇ ਸੱਤਾਧਾਰੀ ਭਾਜਪਾ ਵੀ ਹੋਰਨਾਂ ਪਾਰਟੀਆਂ ਵਿਰੁੱਧ ਸ਼ਿਕਾਇਤਾਂ ਕਰ ਰਹੀ ਹੈ।

ਪਿੱਛੇ ਜਿਹੇ ਇੱਕ ਅਣਕਿਆਸੇ ਰੁਖ ਦੌਰਾਨ 66 ਸਾਬਕਾ ਅਫਸਰਾਂ ਦੇ ਇੱਕ ਸਮੂਹ ਨੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੂੰ ਚਿੱਠੀ ਲਿਖ ਕੇ ਕਮਿਸ਼ਨ ਦੀ ਸ਼ੱਕੀ ਕਾਰਜ ਪ੍ਰਣਾਲੀ ਉਤੇ ਆਪਣੀ ਚਿੰਤਾ ਪ੍ਰਗਟ ਕਰ ਕੇ ਉਨ੍ਹਾਂ ਨੂੰ ਆਜ਼ਾਦ ਅਤੇ ਨਿਰਪੱਖ ਚੋਣਾਂ ਯਕੀਨੀ ਬਣਾਉਣ ਲਈ ਦਖਲ ਦੇਣ ਨੂੰ ਕਿਹਾ ਹੈ। ਇਸ ਗਰੁੱਪ ਵਿੱਚ ਸਾਬਕਾ ਕੌਮੀ ਸੁਰੱਖਿਆ ਸਲਾਹਕਾਰ ਸ਼ਿਵਸ਼ੰਕਰ ਮੈਨਨ, ਸੁਪਰ ਕਾਪ ਜੇ ਐੱਫ ਰਿਬੈਰੋ ਅਤੇ ਸਾਬਕਾ ਲੈਫਟੀਨੈਂਟ ਗਵਰਨਰ ਨਜੀਬ ਜੰਗ ਸ਼ਾਮਲ ਹਨ।

ਚੋਣ ਕਮਿਸ਼ਨ ਨੂੰ ਅਜਿਹੇ ਦੋਸ਼ਾਂ ਦਾ ਸਾਹਮਣਾ ਕਿਉਂ ਕਰਨਾ ਪੈ ਰਿਹਾ ਹੈ? ਕੀ ਉਹ ਇੰਨਾ ਲਾਚਾਰ ਹੈ ਕਿ ਉਸ ਨੇ ਪਿੱਛੇ ਜਿਹੇ ਸੁਪਰੀਮ ਕੋਰਟ ਵਿੱਚ ਇਹ ਕਿਹਾ ਕਿ ਉਸ ਕੋਲ ਲਿਖਤੀ ਵਰਤਣ ਲਈ ਤਾਕਤਾਂ ਨਹੀਂ ਹਨ। ਅਦਾਲਤ ਨੇ ਨਾ ਸਿਰਫ ਚੋਣ ਕਮਿਸ਼ਨ ਨੂੰ ਝਾੜ ਪਾਈ, ਸਗੋਂ ਇਹ ਵੀ ਯਾਦ ਦਿਵਾਇਆ ਕਿ ਸੰਵਿਧਾਨ ਦੀ ਧਾਰਾ 324 ਹੇਠ ਆਦਰਸ਼ ਚੋਣ ਜ਼ਾਬਤਾ ਲਾਗੂ ਕਰਨ ਲਈ ਉਸ ਕੋਲ ਕਾਫੀ ਅਧਿਕਾਰ ਹਨ। ਫਿਰ ਕੇਂਦਰੀ ਮੰਤਰੀ ਮੇਨਕਾ ਗਾਂਧੀ, ਬਸਪਾ ਨੇਤਾ ਮਾਇਆਵਤੀ, ਯੂ ਪੀ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਅਤੇ ਸਮਾਜਵਾਦੀ ਨੇਤਾ ਆਜ਼ਮ ਖਾਨ 'ਤੇ ਚੋਣ ਜ਼ਾਬਤੇ ਦੀ ਉਲੰਘਣਾ ਦੇ ਦੋਸ਼ ਹੇਠ ਕੁਝ ਘੰਟਿਆਂ ਲਈ ਪ੍ਰਚਾਰ ਕਰਨ 'ਤੇ ਪਾਬੰਦੀ ਲਾਉਣ ਦਾ ਫੈਸਲਾ ਸੁਪੀਰਮ ਕੋਰਟ ਦੀ ਝਾੜ ਤੋਂ ਬਾਅਦ ਲਿਆ ਗਿਆ, ਪਰ ਉਸ ਤੋਂ ਬਾਅਦ ਵੀ ਨਫਰਤ ਭਰੇ ਭਾਸ਼ਣਾਂ ਬਾਰੇ ਸ਼ਿਕਾਇਤਾਂ ਵਧਦੀਆਂ ਗਈਆਂ ਹਨ।

ਕਾਂਗਰਸ ਦਾ ਦਾਅਵਾ ਹੈ ਕਿ ਉਸ ਨੇ ਆਦਰਸ਼ ਜ਼ਾਬਤੇ ਦੀ ਉਲੰਘਣਾ ਬਾਰੇ ਚੋਣ ਕਮਿਸ਼ਨ ਨੂੰ 37 ਤੋਂ ਜ਼ਿਆਦਾ ਸ਼ਿਕਾਇਤਾਂ ਕੀਤੀਆਂ ਹਨ, ਜਿਨ੍ਹਾਂ 'ਚੋਂ 10 ਪ੍ਰਧਾਨ ਮੰਤਰੀ ਮੋਦੀ ਦੇ ਵਿਰੁੱਧ ਹਨ, ਪਰ ਕਮਿਸ਼ਨ ਨੇ ਕੋਈ ਕਾਰਵਾਈ ਨਹੀਂ ਕੀਤੀ। ਇਸ ਪਾਰਟੀ ਦੀ ਪਾਰਲੀਮੈਂਟ ਮੈਂਬਰ ਸੁਸ਼ਮਿਤਾ ਸੇਨ ਨੇ ਸੁਪਰੀਮ ਕੋਰਟ ਵਿੱਚ ਜਾਣ ਪਿੱਛੋਂ, ਜਿਸ ਨੇ ਕਮਿਸ਼ਨ ਨੂੰ ਕਾਂਗਰਸ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਤੁਰੰਤ ਕਰਨ ਦਾ ਹੁਕਮ ਦਿੱਤਾ, ਚੋਣ ਕਮਿਸ਼ਨ ਨੇ ਬੀਤੇ ਹਫਤੇ ਛੇ ਮਾਮਲਿਆਂ ਵਿੱਚ ਪ੍ਰਧਾਨ ਮੰਤਰੀ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਦਿਲਚਸਪ ਗੱਲ ਇਹ ਹੈ ਕਿ ਚੋਣ ਕਮਿਸ਼ਨਰਾਂ 'ਚੋਂ ਇੱਕ ਅਸ਼ੋਕ ਲਵਾਸਾ ਨੇ ਫੈਸਲੇ 'ਤੇ ਅਸਹਿਮਤੀ ਪ੍ਰਗਟਾਈ ਹੈ। ਕਾਂਗਰਸ ਨੇ ਹਾਰ ਨਹੀਂ ਮੰਨੀ ਤੇ ਇਹ ਦੋਸ਼ ਲਾਉਂਦਿਆਂ ਹੁਕਮਾਂ ਵਿਰੁੱਧ ਦੁਬਾਰਾ ਸੁਪਰੀਮ ਕੋਰਟ ਵਿੱਚ ਗਈ ਹੈ ਕਿ ਚੋਣ ਕਮਿਸ਼ਨ ਸੱਤਾਧਾਰੀ ਪਾਰਟੀ ਦਾ ਪੱਖ ਲੈ ਰਿਹਾ ਹੈ।

ਬਹੁਤ ਸਾਰੀਆਂ ਸਿਆਸੀ ਪਾਰਟੀਆਂ ਨੂੰ 'ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ' (ਈ ਵੀ ਐੱਮਜ਼) ਬਾਰੇ ਵੀ ਸ਼ੱਕ ਹਨ। ਵਿਰੋਧੀ ਧਿਰ ਵੱਲੋਂ ਦਾਇਰ ਇੱਕ ਪਟੀਸ਼ਨ ਉਤੇ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਹਰੇਕ ਚੋਣ ਹਲਕੇ 'ਚ ਇੱਕ ਈ ਵੀ ਐੱਮ ਦੇ ਨਾਲ ਵੀ ਵੀ ਪੈਟ ਨਾਲ ਮਿਲਾਨ ਕਰਨ ਦੀ ਥਾਂ ਪੰਜ ਮਸ਼ੀਨਾਂ ਦਾ ਮਿਲਾਨ ਕੀਤਾ ਜਾਵੇ। ਚੋਣ ਕਮਿਸ਼ਨ ਦਾ ਕਹਿਣਾ ਹੈ ਕਿ ਈ ਵੀ ਐਮਜ਼ ਭਰੋਸੇ ਯੋਗ ਹਨ ਤੇ ਇਨ੍ਹਾਂ ਨਾਲ ਛੇੜਖਾਨੀ ਨਹੀਂ ਕੀਤੀ ਜਾ ਸਕਦੀ।

ਵਰਨਣ ਯੋਗ ਹੈ ਕਿ ਚੋਣ ਕਮਿਸ਼ਨ ਹਮੇਸ਼ਾ ਇੰਨਾ ਦੱਬੂ ਨਹੀਂ ਰਿਹਾ। 1989 'ਚ ਮੁੱਖ ਚੋਣ ਕਮਿਸ਼ਨਰ ਵੀ ਐੱਸ ਪੇਰੀਸ਼ਾਸਤਰੀ ਨੇ ਵਿਆਪਕ ਚੋਣ ਸੁਧਾਰ ਲਾਗੂ ਕੀਤੇ ਸਨ, ਜਿਨ੍ਹਾਂ ਵਿੱਚ ਵੋਟ ਪਾਉਣ ਦੀ ਉਮਰ 21 ਸਾਲ ਤੋਂ ਘੱਟ ਕਰ ਕੇ 18 ਸਾਲ ਕਰਨਾ ਸ਼ਾਮਲ ਹੈ। ਉਹ ਆਪਣੇ ਨਿਯਮਾਂ 'ਤੇ ਡਟੇ ਰਹੇ, ਜਿਸ ਕਾਰਨ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਮੁੱਖ ਚੋਣ ਕਮਿਸ਼ਨਰ ਦੀਆਂ ਤਾਕਤਾਂ ਘਟਾਉਣ ਲਈ ਇੱਕ ਬਹੁ-ਮੈਂਬਰੀ ਪੈਨਲ ਦਾ ਬਣਾਉਣ ਨੂੰ ਮਜਬੂਰ ਹੋਣਾ ਪਿਆ। ਇਸੇ ਤਰ੍ਹਾਂ ਨੱਬੇ ਦੇ ਦਹਾਕੇ ਦੇ ਸ਼ੁਰੂ ਵਿੱਚ ਟੀ ਐੱਨ ਸ਼ੇਸ਼ਨ ਨੇ ਵੋਟਰ ਫੋਟੋ ਆਈ ਡੀ ਸਮੇਤ ਕਈ ਸੁਧਾਰ ਲਾਗੂ ਕੀਤੇ। ਉਨ੍ਹਾਂ ਨੇ ਬੂਥ ਕੈਪਚਰਿੰਗ ਤੇ ਵੋਟਰਾਂ ਨੂੰ ਡਰਾਉਣ-ਧਮਕਾਉਣ 'ਤੇ ਰੋਕ ਲਾਉਣ ਲਈ ਸੁਰੱਖਿਆ ਬਲਾਂ ਦੀ ਤੈਨਾਤੀ ਕੀਤੀ। ਉਨ੍ਹਾਂ ਨੇ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਵਾਲਿਆਂ ਨੂੰ ਸਜ਼ਾ ਦਿੱਤੀ ਅਤੇ ਉਲੰਘਣਾ ਕਰਨ ਲਈ ਤੱਤਕਾਲੀ ਪ੍ਰਧਾਨ ਮੰਤਰੀ ਪੀ ਵੀ ਨਰਸਿਮ੍ਹਾ ਰਾਓ ਨੂੰ ਦੋ ਮੰਤਰੀਆਂ ਨੂੰ ਬਰਖਾਸਤ ਕਰਨ ਦਾ ਸੁਝਾਅ ਦਿੱਤਾ। ਸੁਕੁਮਾਰ ਸੇਨ, ਪੇਰੀ ਸ਼ਾਸਤਰੀ ਅਤੇ ਐੱਸ ਵਾਈ ਕੁਰੈਸ਼ੀ ਵਰਗੇ ਹੋਰ ਸਫਲ ਮੁੱਖ ਚੋਣ ਕਮਿਸ਼ਨਰ ਵੀ ਰਹੇ।

ਸਵਾਲ ਇਹ ਹੈ ਕਿ ਕੀ ਚੋਣ ਕਮਿਸ਼ਨ ਨੇ ਮੌਜੂਦਾ ਲੋਕ ਸਭਾ ਚੋਣਾਂ ਵਿੱਚ ਨਿਰਪੱਖ ਭੂਮਿਕਾ ਨਿਭਾਈ ਹੈ। ਵਿਰੋਧੀ ਧਿਰ ਦੀ ਸ਼ਿਕਾਇਤ ਹੈ ਕਿ ਬਰਾਬਰੀ ਯਕੀਨੀ ਬਣਾਉਣ ਲਈ ਚੋਣ ਕਮਿਸ਼ਨ ਖੇਡ ਦੇ ਨਿਯਮ ਤੈਅ ਨਹੀਂ ਕਰ ਰਿਹਾ, ਮਿਸਾਲ ਵਜੋਂ ਉਦੋਂ ਮੱਥੇ ਤਿਊੜੀਆਂ ਪੈ ਗਈਆਂ, ਜਦੋਂ ਇਸ ਨੇ ਆਪਣੇ ਫਰਜ਼ ਦੀ ਪਾਲਣਾ ਕਰਦਿਆਂ ਪ੍ਰਧਾਨ ਮੰਤਰੀ ਦੇ ਹੈਲੀਕਾਪਟਰ ਦੀ ਜਾਂਚ ਕਰਨ ਵਾਲੇ ਇੱਕ ਆਈ ਏ ਐਸ ਅਧਿਕਾਰੀ ਨੂੰ ਸਸਪੈਂਡ ਕਰ ਦਿੱਤਾ ਸੀ। ਇਸ ਤੋਂ ਇਲਾਵਾ ਇਨਕਮ ਟੈਕਸ ਵਿਭਾਗ ਦੇ ਛਾਪੇ ਸਿਰਫ ਵਿਰੋਧੀ ਧਿਰ ਦੇ ਨੇਤਾਵਾਂ 'ਤੇ ਮਾਰੇ ਜਾ ਰਹੇ ਹਨ।

ਇਹ ਜ਼ਰੂਰੀ ਨਹੀਂ ਕਿ ਵਿਰੋਧੀ ਧਿਰ ਜੋ ਵੀ ਚਾਹੇ, ਚੋਣ ਕਮਿਸ਼ਨ ਉਸ ਦੀ ਪਾਲਣਾ ਕਰੇ, ਪਰ ਅਜਿਹਾ ਦਿਸਣਾ ਚਾਹੀਦਾ ਹੈ ਕਿ ਉਸ ਨੇ ਇਨਸਾਫ ਕੀਤਾ ਹੈ। ਅਜੇ ਵੀ ਅਜਿਹਾ ਸੰਕੇਤ ਦੇਣ ਲਈ ਸਮਾਂ ਹੈ ਕਿ ਚੋਣ ਕਮਿਸ਼ਨ ਨਿਰਪੱਖ ਹੈ ਤੇ ਉਹ ਵਿਰੋਧੀ ਧਿਰ ਦਾ ਭਰੋਸਾ ਜਿੱਤੇ। ਚੋਣ ਕਮਿਸ਼ਨ 17ਵੀਆਂ ਆਮ ਚੋਣਾਂ ਦਾ ਆਯੋਜਨ ਕਰ ਰਿਹਾ ਹੈ ਅਤੇ ਇਸ ਦੀ ਕਾਰਗੁਜ਼ਾਰੀ ਹਮੇਸ਼ਾ ਇੱਕੋ ਜਿਹੀ ਨਹੀਂ ਰਹੀ, ਪਰ ਆਜ਼ਾਦ, ਨਿਰਪੱਖ ਢੰਗ ਨਾਲ ਅਤੇ ਸ਼ਾਂਤਮਈ ਚੋਣਾਂ ਕਰਵਾਉਣਾ ਇੱਕ ਬਹੁਤ ਵੱਡਾ ਕੰਮ ਹੈ। ਬਿਨਾਂ ਸ਼ੱਕ ਹੋਰ ਚੋਣ ਸੁਧਾਰਾਂ ਦੀ ਲੋੜ ਹੈ ਅਤੇ ਚੋਣ ਕਮਿਸ਼ਨ ਨੂੰ ਹੋਰ ਜ਼ਿਆਦਾ ਤਾਕਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ, ਪਰ ਕੰਟਰੋਲ ਵਿੱਚ ਰਹਿੰਦਿਆਂ ਚੋਣ ਕਮਿਸ਼ਨ ਯਕੀਨੀ ਤੌਰ 'ਤੇ ਆਪਣਾ ਕੰਮ ਕਰ ਸਕਦਾ ਹੈ।

# ਸਤਿਕਾਰ ਦਾ ਲੰਬਾ ਇੰਤਜ਼ਾਰ

-ਡਾ. ਹਰਵਿੰਦਰ ਕੌਰ

ਦੁਨੀਆ ਦੇ ਕੁਝ ਕੁ ਦੇਸ਼ਾਂ ਨੂੰ ਛੱਡ ਕੇ ਬਹੁਤੇ ਦੇਸ਼ਾਂ ਵਿੱਚ ਲਿੰਗ ਦੇ ਆਧਾਰ 'ਤੇ ਮਰਦ ਅਤੇ ਔਰਤ ਦੇ ਦਰਜੇ ਵਿੱਚ ਸਮਾਨਤਾ ਨਹੀਂ ਹੈ। ਬਹੁਤ ਸਾਰੀਆਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਅਤੇ ਦੇਸ਼ ਔਰਤਾਂ ਨੂੰ ਮਰਦਾਂ ਦੇ ਬਰਾਬਰ ਹੱਕ ਦਿਵਾਉਣ, ਔਰਤਾਂ ਨਾਲ ਹੋਣ ਵਾਲੇ ਵਿਤਕਰੇ ਅਤੇ ਅਤਿਆਚਾਰ ਖਤਮ ਕਰਨ ਲਈ ਹੰਭਲੇ ਮਾਰ ਰਹੇ ਹਨ। ਭਾਵੇਂ ਇਨ੍ਹਾਂ ਯਤਨਾਂ ਨਾਲ ਔਰਤਾਂ ਦੀ ਸਥਿਤੀ ਵਿੱਚ ਲਗਾਤਾਰ ਸੁਧਾਰ ਹੋ ਰਿਹਾ ਹੈ, ਪਰ ਵਿਸ਼ਵ ਦੇ ਕਿਸੇ ਵੀ ਦੇਸ਼ ਨੇ ਅਜੇ ਤੱਕ ਔਰਤਾਂ ਦੀ ਪੂਰਨ ਬਰਾਬਰੀ ਪ੍ਰਾਪਤ ਨਹੀਂ ਕੀਤੀ ਅਤੇ ਭਿੰਨ-ਭਿੰਨ ਪੱਧਰਾਂ 'ਤੇ ਲਿੰਗ ਪਾੜਾ ਅਜੇ ਵੀ ਹੁੰਦਾ ਹੈ। ਅਜਿਹਾ ਜ਼ਰੂਰ ਹੈ ਕਿ ਵਧੇਰੇ ਵਿਕਸਿਤ ਦੇਸ਼ਾਂ ਵਿੱਚ ਮਨੁੱਖੀ ਵਿਕਾਸ ਉਚੇਰਾ ਹੈ ਅਤੇ ਲਿੰਗ ਵਿਤਕਰਾ ਘੱਟ ਹੈ। ਸਾਰੇ ਦੇਸ਼ ਆਰਥਿਕ ਵਾਧੇ ਦੀ ਰਫਤਾਰ ਤੇਜ਼ ਕਰਨਾ ਚਾਹੁੰਦੇ ਹਨ ਤੇ ਇਹ ਸਮਝ ਚੁੱਕੇ ਹਨ ਕਿ ਦੇਸ਼ ਦਾ ਵਿਕਾਸ ਦੇਸ਼ ਦੀ ਪੂਰੀ ਜਨਤਾ ਦੇ ਲਿੰਗ ਆਧਾਰਤ ਵਿਤਕਰੇ ਤੋਂ ਬਗੈਰ ਮਾਨਵੀ ਵਿਕਾਸ 'ਤੇ ਨਿਰਭਰ ਕਰਦਾ ਹੈ। ਖੁਸ਼ੀ ਦੀ ਗੱਲ ਹੈ ਕਿ ਵੱਖ-ਵੱਖ ਦੇਸ਼ਾਂ ਵਿੱਚ ਔਰਤਾਂ ਦੀ ਸਥਿਤੀ ਤੇ ਵੱਖ-ਵੱਖ ਪੱਧਰਾਂ 'ਤੇ ਔਰਤਾਂ ਨਾਲ ਹੁੰਦੇ ਵਿਤਕਰੇ ਦਾ ਪਤਾ ਲਾਉਣ ਲਈ ਪਿਛਲੇ ਸਮਿਆਂ ਵਿੱਚ ਕੁਝ ਸੂਚਕ ਅੰਕ ਬਣਾਏ ਗਏ ਹਨ। ਜਿਨ੍ਹਾਂ ਵਿੱਚੋਂ 'ਲਿੰਗ ਆਧਾਰਿਤ ਵਿਕਾਸ ਸੂਚਕ ਅੰਕ', 'ਲਿੰਗ ਸ਼ਕਤੀਕਰਨ ਮਾਪ', 'ਲਿੰਗ ਅਸਮਾਨਤਾ ਸੂਚਕ ਅੰਕ' ਅਤੇ 'ਵਿਸ਼ਵ ਲਿੰਗ ਅੰਤਰ ਸੂਚਕ ਅੰਕ' ਬੜੇ ਮਹੱਤਵ ਵਾਲੇ ਹਨ। ਇਨ੍ਹਾਂ ਦੇ ਵਿਸ਼ਲੇਸ਼ਣ ਤੋਂ ਵੀ ਜ਼ਾਹਰ ਹੁੰਦਾ ਹੈ ਕਿ ਸਿਹਤ ਤੇ ਸਿੱਖਿਆ ਦੇ ਖੇਤਰ ਅਤੇ ਆਰਥਿਕ ਸਾਧਨਾਂ ਉੱਤੇ ਅਧਿਕਾਰ ਵਜੋਂ ਔਰਤਾਂ ਹਮੇਸ਼ਾ ਮਰਦਾਂ ਤੋਂ ਪਿੱਛੇ ਰਹੀਆਂ ਹਨ। ਵੱਖ-ਵੱਖ ਦੇਸ਼ਾਂ ਵਿੱਚ ਲਿੰਗ ਆਧਾਰ ਉਤੇ ਇਨ੍ਹਾਂ ਖੇਤਰਾਂ ਵਿੱਚ ਭਿੰਨਤਾ ਦਾ ਪਤਾ ਜੀ ਡੀ ਆਈ ਤੋਂ ਚੱਲਦਾ ਹੈ। ਕੁਝ ਦੇਸ਼ਾਂ ਨੂੰ ਛੱਡ ਕੇ ਬਹੁਤ ਸਾਰੇ ਦੇਸ਼ਾਂ ਵਿੱਚ ਔਰਤਾਂ ਦਾ ਮਨੁੱਖੀ ਸੂਚਕ ਅੰਕ ਮਰਦਾਂ ਦੇ ਮਨੁੱਖੀ ਸੂਚਕ ਅੰਕ ਤੋਂ ਘੱਟ ਹੋਣਾ ਦੱਸਦਾ ਹੈ ਕਿ ਔਰਤਾਂ ਨਾਲ ਵਿਤਕਰਾ ਵਿਸ਼ਵ ਪੱਧਰ 'ਤੇ ਹੁੰਦਾ ਹੈ। ਉਨ੍ਹਾਂ ਦੀ ਆਰਥਿਕਤਾ ਅਤੇ ਰਾਜਨੀਤੀ ਵਿੱਚ ਭਾਗੀਦਾਰੀ ਤੇ ਮਹੱਤਵ ਪੂਰਨ ਫੈਸਲਿਆਂ ਵਿੱਚ ਭਾਈਵਾਲੀ ਮਰਦਾਂ ਤੋਂ ਘੱਟ ਹੈ। ਵਿਭਿੰਨ ਦੇਸ਼ਾਂ ਵਿੱਚ ਇਸ ਪੱਖ ਤੋਂ ਮਰਦ ਦੇ ਮੁਕਾਬਲਤਨ ਔਰਤ ਦੀ ਸਥਿਤੀ ਦਾ ਪਤਾ ਲਿੰਗ ਸ਼ਕਤੀਕਰਨ ਮਾਪ ਰਾਹੀਂ ਲੱਗਦਾ ਹੈ। ਤਕਰੀਬਨ ਹਰ ਦੇਸ਼ ਵਿੱਚ ਇਨ੍ਹਾਂ ਸਾਰੇ ਪੱਖਾਂ ਤੋਂ ਔਰਤ ਦੀ ਸਥਿਤੀ ਮਰਦ ਨਾਲੋਂ ਕਮਜ਼ੋਰ ਹੈ।

ਔਲਾਦ ਨੂੰ ਜਨਮ ਦੇਣਾ ਕੁਦਰਤ ਨੇ ਔਰਤ ਨੂੰ ਸੌਂਪਿਆ ਹੈ, ਇਸ ਲਈ ਗਰਭ ਨਾਲ ਜੁੜੀਆਂ ਸਿਹਤ ਸਮੱਸਿਆਵਾਂ ਕਾਰਨ ਉਸ ਨੂੰ ਵਿਸ਼ੇਸ਼ ਸਿਹਤ ਸਹੂਲਤਾਂ ਦੀ ਲੋੜ ਪੈਂਦੀ ਹੈ, ਜੋ ਜ਼ਿਆਦਾਤਰ ਹਾਸਲ ਨਹੀਂ ਹੁੰਦੀਆਂ ਤਾਂ ਉਸ ਦੀ ਮੌਤ ਹੋ ਸਕਦੀ ਹੈ। ਇਸ ਪੱਖੋਂ ਵਿਭਿੰਨ ਦੇਸ਼ਾਂ ਵਿੱਚ ਔਰਤਾਂ ਨਾਲ ਹੁੰਦੇ ਵਿਤਕਰੇ ਨੂੰ ਲਿੰਗ ਅਸਮਾਨਤਾ ਸੂਚਕ ਅੰਕ ਤੋਂ ਜਾਣਿਆ ਜਾ ਸਕਦਾ ਹੈ। ਇਨ੍ਹਾਂ ਸਾਰਿਆਂ ਸੂਚਕ ਅੰਕਾਂ ਦਾ ਵਿਸ਼ਲੇਸ਼ਣ ਕਰਨ 'ਤੇ ਪਤਾ ਲੱਗਦਾ ਹੈ ਕਿ ਵਿਸ਼ਵ ਵਿੱਚ ਕਿਸੇ ਵੀ ਦੇਸ਼ ਨੇ ਅਜੇ ਤੱਕ ਲਿੰਗ ਆਧਾਰ 'ਤੇ ਪਾੜਾ ਪੂਰਨ ਤੌਰ 'ਤੇ ਖਤਮ ਨਹੀਂ ਕੀਤਾ ਅਤੇ ਵਿਸ਼ਵ ਵਿੱਚ ਔਰਤ ਲਿੰਗ ਪਾੜਾ ਲਗਭਗ ਇਕ ਤਿਹਾਈ ਹੈ। ਸਿੱਖਿਆ ਤੇ ਸਿਹਤ ਪੱਖੋਂ ਇਹ ਪਾੜਾ ਭਾਵੇਂ ਘਟਦਾ ਜਾਂਦਾ ਹੈ, ਪਰ ਆਰਥਿਕ ਭਾਗੀਦਾਰੀ ਵਿੱਚ ਇਹ ਪਾੜਾ ਚਾਲੀ ਫੀਸਦੀ ਤੋਂ ਵੱਧ ਅਤੇ ਰਾਜਨੀਤਕ ਸਸ਼ਕਤੀਕਰਨ ਵਿੱਚ ਤਿੰਨ ਚੌਥਾਈ ਤੋਂ ਵੀ ਵਧੇਰੇ ਹੈ। ਕੁਝ ਗਿਣੇ ਚੁਣੇ ਦੇਸ਼ਾਂ ਨੇ ਕੁਝ ਕੁ ਪੱਖਾਂ ਤੋਂ ਔਰਤ ਨੂੰ ਮਰਦ ਦੇ ਬਰਾਬਰ ਕਰਨ ਵਿੱਚ ਸਫਲਤਾ ਪ੍ਰਾਪਤ ਕਰ ਲਈ ਹੈ। ਵਿਸ਼ਵ ਲਿੰਗ ਅੰਤਰ ਸੂਚਕ ਅੰਕ 2017 ਅਨੁਸਾਰ ਸੰਸਾਰ ਦੇ ਸਤਾਈ ਦੇਸ਼ਾਂ ਵਿੱਚ ਸਿੱਖਿਆ ਪ੍ਰਾਪਤੀ ਦੇ ਖੇਤਰ ਵਿੱਚ ਔਰਤ-ਮਰਦ ਬਰਾਬਰ ਹਨ। ਚੌਤੀ ਦੇਸ਼ਾਂ ਵਿੱਚ ਸਿਹਤ ਅਤੇ ਜਿਉਂਦੇ ਰਹਿਣ ਦੀ ਆਸ ਦੇ ਪੱਖ ਤੋਂ ਲਿੰਗ ਪਾੜਾ ਨਹੀਂ ਹੈ। ਕੇਵਲ ਪੰਜ ਦੇਸ਼ਾਂ ਨੇ ਸਿਹਤ ਅਤੇ ਸਿੱਖਿਆ ਦੋਵਾਂ ਪੱਖਾਂ ਤੋਂ ਔਰਤਾਂ ਅਤੇ ਮਰਦਾਂ ਵਿਚਾਲੇ ਬਰਾਬਰੀ ਪ੍ਰਾਪਤ ਕੀਤੀ ਹੈ।

ਇਹ ਤੱਥ ਉਦਾਸ ਕਰਨ ਵਾਲਾ ਹੈ ਕਿ ਕਿਸੇ ਵੀ ਦੇਸ਼ ਵਿੱਚ ਆਰਥਿਕ ਭਾਗੀਦਾਰੀ ਜਾਂ ਰਾਜਸੀ ਸ਼ਕਤੀ ਦੇ ਪੱਖੋਂ ਔਰਤਾਂ ਅਜੇ ਮਰਦਾਂ ਦੀ ਬਰਾਬਰੀ ਨਹੀਂ ਕਰ ਸਕੀਆਂ। ਔਰਤਾਂ ਦੀ ਆਰਥਿਕ ਭਾਗੀਦਾਰੀ ਵਧਾਉਣ ਪੱਖੋਂ ਕੁਝ ਦੇਸ਼ ਜਿਵੇਂ ਬਰੂੰਡੀ, ਨਾਰਵੇ, ਸਵੀਡਨ, ਬੋਤਸਵਾਨਾ, ਨਾਮੀਬੀਆ, ਰਵਾਂਡਾ ਆਦਿ ਸ਼ਲਾਘਾ ਦੇ ਹੱਕਦਾਰ ਜ਼ਰੂਰ ਹਨ, ਕਿਉਂਕਿ ਇਨ੍ਹਾਂ ਨੇ ਅੱਸੀ ਫੀਸਦੀ ਤੋਂ ਵੱਧ ਪਾੜਾ ਖਤਮ ਕੀਤਾ ਹੈ। ਔਰਤਾਂ ਦੀ ਰਾਜਸੀ ਭਾਗੀਦਾਰੀ ਪੱਖੋਂ ਮੋਹਰੀ ਦੇਸ਼ਾਂ ਵਿੱਚ ਆਈਸਲੈਂਡ ਨੇ 70 ਫੀਸਦੀ ਤੋਂ ਵੱਧ ਤੇ ਫਿਨਲੈਂਡ, ਨਾਰਵੇ, ਨਿਕਾਰਾਗੁਆ, ਰਵਾਂਡਾ ਨੇ ਪੰਜਾਹ ਤੋਂ ਸੱਠ ਫੀਸਦੀ ਸਮਾਨਤਾ ਕੀਤੀ ਹੈ।

ਭਾਰਤ ਵਿਸ਼ਵ ਲਿੰਗ ਅੰਤਰ ਸੂਚਕ ਅੰਕ ਦੇ ਪੱਖ ਤੋਂ ਸੌ ਤੋਂ ਵਧੇਰੇ ਦੇਸ਼ਾਂ ਨਾਲੋਂ ਪਿੱਛੇ ਹੈ ਅਤੇ ਇਸ ਨੇ ਕੇਵਲ ਦੋ ਤਿਹਾਈ ਲਿੰਗ ਪਾੜਾ ਪੂਰਿਆ ਹੈ। ਔਰਤ ਦੀ ਸਾਖਰਤਾ ਦਰ ਦੇ ਕੇਸ ਵਿੱਚ ਲਗਭਗ ਇਕ ਤਿਹਾਈ ਪਾੜਾ ਅਜੇ ਵੀ ਦੂਰ ਕਰਨ ਵਾਲਾ ਹੈ। ਪ੍ਰਾਇਮਰੀ ਸਿੱਖਿਆ ਵਿੱਚ ਦਾਖਲੇ ਦਾ ਭਾਵੇਂ ਸੁਧਾਰ ਹੋਇਆ ਹੈ, ਪਰ ਸਿੱਖਿਆ ਦੇ ਸੈਕੰਡਰੀ ਅਤੇ ਉਚ ਪੱਧਰ ਵਿੱਚ ਪੰਜਵੇਂ ਤੋਂ ਵੱਧ ਹਿੱਸਾ ਪਾੜਾ ਅਜੇ ਚਿੰਤਾ ਦਾ ਵਿਸ਼ਾ ਹੈ। ਜਨਮ ਸਮੇਂ ਦੇ ਲਿੰਗ ਅਨੁਪਾਤ ਦੇ ਪੱਖੋਂ 11 ਫੀਸਦੀ ਪਾੜਾ ਹੈ। ਰਾਜਸੀ ਖੇਤਰ ਵਿੱਚ ਸ਼ਕਤੀਕਰਨ ਦੇ ਪੱਖ ਤੋਂ ਪਾਰਲੀਮੈਂਟ ਵਿੱਚ ਔਰਤਾਂ ਦੀ ਭਾਗੀਦਾਰੀ ਅਤੇ ਮੰਤਰਾਲੇ ਵਿੱਚ ਔਰਤਾਂ ਦੀ ਪੁਜ਼ੀਸ਼ਨ ਦੇ ਪੱਖ ਤੋਂ 15 ਫੀਸਦੀ ਤੋਂ ਵੀ ਘੱਟ ਪਾੜਾ ਹਟਿਆ ਹੈ। ਵਿਸ਼ਵ ਲਿੰਗ ਅੰਤਰ ਸੂਚਕ ਅੰਕ 2017 ਤੋਂ ਪਤਾ ਲੱਗਦਾ ਹੈ ਕਿ ਇਸ ਸਾਲ ਸਾਰੇ ਨਿਰਧਾਰਕਾਂ ਦੇ ਆਧਾਰ ਉੱਤੇ ਔਰਤਾਂ ਅਤੇ ਮਰਦਾਂ ਵਿਚਕਾਰ ਕੁੱਲ ਪਾੜਾ ਇਕ ਤਿਹਾਈ ਤੋਂ ਵਧੇਰੇ ਹੈ। ਔਰਤਾਂ ਨੂੰ ਆਰਥਿਕ ਭਾਗੀਦਾਰੀ ਤੇ ਮੌਕੇ ਦੇਣ ਪੱਖੋਂ ਭਾਰਤ ਦਾ 134ਵਾਂ ਸਥਾਨ ਹੈ ਅਤੇ ਇਸ ਨੇ ਕੇਵਲ ਚਾਲੀ ਫੀਸਦੀ ਪਾੜਾ ਦੂਰ ਕੀਤਾ ਹੈ। ਕਿਰਤ ਸ਼ਕਤੀ ਵਜੋਂ ਔਰਤਾਂ ਦੀ ਭਾਗਦਾਰੀ ਸਿਰਫ 29 ਫੀਸਦੀ ਹੈ। ਔਰਤਾਂ ਦੀ ਨਾ ਕੇਵਲ ਆਰਥਿਕ ਖੇਤਰ ਵਿੱਚ ਭਾਗੀਦਾਰੀ ਘੱਟ ਹੈ, ਸਗੋਂ ਇਕੋ ਜਿਹੇ ਕੰਮਾਂ ਲਈ ਔਰਤਾਂ ਨੂੰ ਮਰਦਾਂ ਦੇ ਮੁਕਾਬਲੇ ਵੇਤਨ ਵੀ ਘੱਟ ਦਿੱਤੇ ਜਾਂਦੇ ਹਨ ਅਤੇ ਇਸ ਪੱਖੋਂ ਕੇਵਲ 62 ਫੀਸਦੀ ਸਮਾਨਤਾ ਹੈ। ਅੰਦਾਜ਼ਨ ਕਮਾਈ ਆਮਦਨ ਵਿੱਚ ਲਿੰਗ ਪਾੜਾ ਹੋਰ ਵਧੇਰੇ ਹੈ ਤੇ ਇਸ ਪੱਖੋਂ ਭਾਰਤ ਦਾ ਬਹੁਤ ਨੀਵਾਂ 137ਵਾਂ ਸਥਾਨ ਹੈ। ਇਸ ਪੱਖੋਂ ਔਰਤਾਂ ਦਾ ਹਿੱਸਾ ਇਕ ਚੌਥਾਈ ਤੋਂ ਘੱਟ ਹੋਣਾ ਉਨ੍ਹਾਂ ਦੀ ਮਾੜੀ ਆਰਥਿਕ ਦਸ਼ਾ ਪ੍ਰਗਟ ਕਰਦਾ ਹੈ। ਇਸ ਵਿਚ ਖਾਸ ਤੌਰ 'ਤੇ ਔਰਤ ਬਾਰੇ ਦੋ ਪਹਿਲੂਆਂ ਮਾਤਾ ਮੌਤ ਦਰ ਅਤੇ ਅੱਲੜ੍ਹ ਉਮਰ ਵਿੱਚ ਜਨਮ ਦਰ ਦੇ ਪੱਖ ਤੋਂ ਔਰਤ ਦੀ ਹਾਲਤ ਬਹੁਤ ਮਾੜੀ ਹੈ।

ਸਮਾਜਿਕ ਤੇ ਆਰਥਿਕ ਸਮੱਸਿਆਵਾਂ ਵਿੱਚੋਂ ਭਾਰਤ ਨੂੰ ਬਾਹਰ ਕੱਢਣ ਲਈ ਤੇ ਵਿਕਾਸ ਦੀ ਰਫਤਾਰ ਤੇਜ਼ ਕਰਨ ਲਈ ਇਹ ਜ਼ਰੂਰੀ ਹੈ ਕਿ ਦੇਸ਼ ਦਾ ਜਾਗਰੂਕ ਲੋਕ ਔਰਤਾਂ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਪੱਖੋਂ ਮਜ਼ਬੂਤ ਹੋਣ ਦੇ ਲਾਭ ਬਾਰੇ ਜਾਗਰੂਤਾ ਫੈਲਾਉਣ ਤੇ ਧੀਆਂ ਦਾ ਭਵਿੱਖ ਸੁਧਾਰਨ ਦਾ ਯਤਨ ਕਰਨ। ਸਾਰੇ ਪਰਵਾਰ ਆਪਣੀਆਂ ਧੀਆਂ ਨੂੰ ਪੁੱਤਰਾਂ ਦੇ ਬਰਾਬਰ ਖੁਰਾਕ, ਸਿੱਖਿਆ ਤੇ ਸਿਹਤ ਸਹੂਲਤਾਂ ਦੇਣ ਤਾਂ ਲਿੰਗ ਬਰਾਬਰੀ ਆਪ ਮੁਹਾਰੇ ਆ ਸਕਦੀ ਹੈ।

## ਹਲਕਾ ਫੁਲਕਾ

ਪੱਪੂ, ''ਮੇਰੇ ਕੋਲ ਰਾਕੇਟ ਹੈ, ਚੱਕਰੀ ਹੈ, ਅਨਾਰ ਹੈ। ਤੇਰੇ ਕੋਲ ਕੀ ਹੈ?''
ਗੱਪੂ, ''ਮੇਰੇ ਕੋਲ ਮਾ...ਚਿਸ ਹੈ। ਅੱਗ ਲਾ ਦੇਵਾਂਗਾ ਤਾਂ ਕੁਝ ਨਹੀਂ ਬਚੇਗਾ।''

*********

ਪਿਤਾ, ''ਜੇ ਤੂੰ ਇਸ ਵਾਰ ਵੀ ਫੇਲ੍ਹ ਹੋ ਗਿਆ ਤਾਂ ਮੈਨੂੰ ਪਾਪਾ ਨਾ ਕਹੀਂ।''
ਕੁਝ ਦਿਨਾਂ ਬਾਅਦ...
ਪਿਤਾ, ''ਕੀ ਬਣਿਆ ਤੇਰੇ ਰਿਜ਼ਲਟ ਦਾ?''
ਬੇਟਾ, ''ਸੌਰੀ ਯਾਰ ਰਾਮ ਪ੍ਰਸਾਦ, ਮੈਂ ਫੇਲ੍ਹ ਹੋ ਗਿਆ।''

*********

12ਵੀਂ ਦੀ ਲੜਕੀ ਦਾ ਸਟੇਟਮੈਂਟ, ''ਰਿਜ਼ਲਟ ਤੋਂ ਡਰ ਨਹੀਂ ਲੱਗਦਾ ਸਾਹਬ, ਡਰ ਤਾਂ ਰਿਸ਼ਤੇਦਾਰਾਂ ਤੋਂ ਲੱਗਦਾ ਹੈ, ਫੇਲ੍ਹ ਹੋ ਗਏ ਤਾਂ ਬਿਨਾਂ ਸੋਚੇ ਸਮਝੇ ਵਿਆਹ ਤੈਅ ਕਰਾ ਦਿੰਦੇ ਹਨ।''

*********

ਸਕੂਲ ਦੇ ਪਿੱਛੇ ਨਦੀ ਵਿੱਚ ਪ੍ਰਿੰਸੀਪਲ ਡੁੱਬ ਰਿਹਾ ਸੀ। ਇੱਕ ਵਿਦਿਆਰਥੀ ਨੇ ਦੇਖਿਆ ਤਾਂ ਜ਼ੋਰ ਨਾਲ ਚੀਕਦਾ ਹੋਇਆ ਸਕੂਲ ਵੱਲ ਭੱਜਿਆ ਅਤੇ ਬੋਲਿਆ, ''ਕੱਲ੍ਹ ਛੁੱਟੀ ਹੈ, ਕੱਲ੍ਹ ਛੁੱਟੀ ਹੈ।''


*********

ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

ਭਾਰੀ ਸਮਾਗਮ



ਗੁਰੂ ਪਿਆਰੀ ਸਾਧ ਸੰਗਤ ਜੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 24 ਮਈ ਦਿਨ ਸ਼ੁੱਕਰਵਾਰ ਨੂੰ ਅਖੰਡਪਾਠ ਸਾਹਿਬ ਸਵੇਰੇ 10 ਵਜ੍ਹੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 26 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਨਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।

- ਨਵਦੀਪ ਸਿੰਘ ਸੂਚ : 416-881- 8736
- ਧਰਮਿੰਦਰ ਸਿੰਘ ਸੂਸਾਂ : 416-879-6824
- ਪਰਮਜੀਤ ਸਿੰਘ ਸੂਚ : 416-873-7508
- ਸਰਬਜੀਤ ਸਿੰਘ ਸੂਚ : 416-357-7667
- ਗੁਰਮੇਲ ਸਿੰਘ ਸੂਚ : 905-814-0756





## ਪਿਸਤੌਲ ਦੀ ਨੋਕ ਉਤੇ 5.56 ਲੱਖ ਰੁਪਏ ਲੁੱਟ ਲਏ

ਅੰਮ੍ਰਿਤਸਰ, 8 ਮਈ (ਪੋਸਟ ਬਿਊਰੋ)- ਥਾਣਾ ਛੇਹਰਟਾ ਹੇਠਲੇ ਇਲਕੇ ਜੀ ਟੀ ਰੋਡ ਖੰਡਵਾਲਾ ਵਿੱਚ ਐੱਲ ਆਈ ਸੀ ਦੀ ਬ੍ਰਾਂਚ ਤੋਂ ਐੱਚ ਡੀ ਐੱਫ ਸੀ ਬੈਂਕ ਨੂੰ ਕੈਸ਼ ਲੈ ਕੇ ਜਾਂਦੇ ਸਕਿਓਰਿਟਰਨਸ ਇੰਡੀਆ ਪ੍ਰਾਈਵੇਟ ਲਿਮਟਿਡ ਦੇ ਮੁਲਾਜ਼ਮ ਦਾ ਰਾਹ ਰੋਕ ਕੇ ਦੋ ਲੁਟੇਰਿਆਂ ਨੇ ਪਿਸਤੌਲ ਦੀ ਨੋਕ ਉਤੇ 5.56 ਲੱਖ ਰੁਪਏ ਦੀ ਨਕਦੀ ਲੁੱਟ ਲਈ। ਮਿਲੀ ਜਾਣਕਾਰੀ ਅਨੁਸਾਰ ਐੱਚ ਡੀ ਐਫ ਸੀ ਬੈਂਕ ਵੱਲੋਂ ਹਦਾਇਤ ਕੀਤੀ ਸੀ ਕਿ ਇਹ ਸਕਿਓਰਿਟੀ ਕੰਪਨੀ ਦਾ ਮੁਲਾਜ਼ਮ ਰੋਜ਼ ਐੱਲ ਆਈ ਸੀ ਬ੍ਰਾਂਚ ਵਿੱਚੋਂ ਨਕਦੀ ਇਕੱਠੀ ਕਰਦਾ ਅਤੇ ਐਚ ਡੀ ਐਫ ਸੀ ਬੈਂਕ ਵਿੱਚ ਜਮ੍ਹਾ ਕਰਾਉਂਦਾ ਸੀ। ਕੱਲ੍ਹ ਦੁਪਹਿਰ ਜਦੋਂ ਇਸ ਕੰਪਨੀ ਦਾ ਮੁਲਾਜ਼ਮ ਰਾਜੇਸ਼ ਕੁਮਾਰ ਐੱਲ ਆਈ ਸੀ ਵਿੱਚੋਂ 5.56 ਲੱਖ ਰੁਪਏ ਕੈਸ਼ ਲੈ ਕੇ ਆਪਣੀ ਐਕਟਿਵਾ ਉਤੇ ਬੈਂਕ ਜਾ ਰਿਹਾ ਸੀ ਤਾਂ ਕੁਝ ਕਦਮ ਦੂਰ ਹੀ ਸਾਹਮਣਿਓਂ ਆਇਆ ਇੱਕ ਪੈਦਲ ਨੌਜਵਾਨ ਐਕਟਿਵਾ ਅੱਗੇ ਖੜ੍ਹਾ ਹੋ ਗਿਆ ਅਤੇ ਪਿਸਤੌਲ ਦਿਖਾ ਕੇ ਉਸ ਦਾ ਨਕਦੀ ਵਾਲਾ ਬੈਗ ਖੋਹ ਲਿਆ।

## ਝੋਨੇ ਬਾਰੇ ਕੈਪਟਨ ਦੇ ਐਲਾਨ ਨੂੰ ਚੋਣ ਅਧਿਕਾਰੀ ਨੇ ਚੋਣ ਜ਼ਾਬਤੇ ਦਾ ਉਲੰਘਣ ਨਹੀਂ ਮੰਨਿਆ

ਚੰਡੀਗੜ੍ਹ, 8 ਮਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਝੋਨੇ ਦੀ ਲਵਾਈ ਵਾਲੀ ਤਰੀਕ 20 ਦੀ ਥਾਂ 13 ਜੂਨ ਕਰਨ ਦੇ ਐਲਾਨ ਨੂੰ ਚੋਣ ਕਮਿਸ਼ਨ ਜ਼ਾਬਤੇ ਦੀ ਉਲੰਘਣਾ ਨਹੀਂ ਮੰਨਦਾ।

ਇਸ ਸੰਬੰਧ ਵਿੱਚ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਡਾ. ਐਸ ਕਰੁਣਾ ਰਾਜੂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਵੱਲੋਂ ਜਨਤਕ ਰੈਲੀ ਨੂੰ ਸੰਬੋਧਨ ਕਰਦਿਆਂ ਜੋ ਐਲਾਨ ਕੀਤਾ ਗਿਆ ਹੈ, ਉਸ ਬਾਰੇ ਕੋਈ ਨੋਟਿਸ ਜਾਰੀ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਜੇ ਸਰਕਾਰ ਵੱਲੋਂ ਝੋਨੇ ਦੀ ਲਵਾਈ ਅਗੇਤੀ ਕਰਨ ਬਾਰੇ ਕਮਿਸ਼ਨ ਤੋਂ ਪ੍ਰਵਾਨਗੀ ਲੈਣ ਦਾ ਕੋਈ ਪ੍ਰਸਤਾਵ ਭੇਜਿਆ ਜਾਵੇਗਾ ਤਾਂ ਉਸ ਉਤੇ ਨਿਯਮਾਂ ਮੁਤਾਬਕ ਵਿਚਾਰ ਕੀਤੀ ਜਾਵੇਗੀ। ਚੋਣ ਕਮਿਸ਼ਨ ਨਾਲ ਜੁੜੇ ਹੋਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਵੱਲੋਂ ਕੀਤਾ ਐਲਾਨ ਚੋਣ ਜ਼ਾਬਤੇ ਹੇਠ ਆਉਂਦਾ ਹੈ ਕਿਉਂਕਿ ਇਹ ਐਲਾਨ ਸਿੱਧੇ ਤੌਰ 'ਤੇ ਚੋਣਾਂ ਨੂੰ ਪ੍ਰਭਾਵਤ ਕਰਦਾ ਤੇ ਕਿਸਾਨਾਂ ਨੂੰ ਕਾਂਗਰਸ ਪਾਰਟੀ ਦੇ ਹੱਕ 'ਚ ਵੋਟ ਪਾਉਣ ਲਈ ਪ੍ਰੇਰਿਤ ਕਰਨ ਵਾਲਾ ਹੈ। ਇਨ੍ਹਾਂ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਨੋਟਿਸ ਜਾਰੀ ਕਰਨ ਦਾ ਅਧਿਕਾਰ ਜ਼ਿਲਾ ਚੋਣ ਅਧਿਕਾਰੀ ਜਾਂ ਮੁੱਖ ਚੋਣ ਅਧਿਕਾਰੀ ਦੇ ਅਧਿਕਾਰ ਹੇਠ ਆਉਂਦਾ ਹੈ। ਪੰਜਾਬ ਦੇ ਕਿਸਾਨਾਂ ਲਈ ਝੋਨੇ ਦੀ ਲਵਾਈ ਪਿਛੇਤੀ ਹੋਣ ਦਾ ਮਾਮਲਾ ਬਹੁਤ ਵੱਡਾ ਮੁੱਦਾ ਹੈ ਤੇ ਬੀਤੇ ਸਾਲ ਪਿਛੇਤੀ ਲਵਾਈ ਹੋਣ ਨਾਲ ਝੋਨੇ ਦੀ ਕਟਾਈ ਪਛੜ ਗਈ ਅਤੇ ਨਮੀ ਵਧਣ ਕਾਰਨ ਕਿਸਾਨਾਂ ਨੂੰ ਮੰਡੀਆਂ ਵਿੱਚ ਰੁਲਣਾ ਪਿਆ ਸੀ। ਪਿਛਲੇ ਸਾਲ ਝੋਨੇ ਦੀ ਲਵਾਈ 'ਚ ਦੇਰੀ ਹੋਣ ਕਾਰਨ ਝੋਨੇ ਦਾ ਝਾੜ ਘੱਟ ਗਿਆ ਸੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬੀਤੇ ਦਿਨੀਂ ਆਨੰਦਪੁਰ ਸਾਹਿਬ ਤੋਂ ਕਾਂਗਰਸ ਉਮੀਦਵਾਰ ਮਨੀਸ਼ ਤਿਵਾੜੀ ਦੇ ਪੱਖ ਵਿੱਚ ਪਿੰਡ ਖਟਕੜ ਕਲਾਂ 'ਚ ਇਕ ਸਿਆਸੀ ਰੈਲੀ ਦੌਰਾਨ ਝੋਨੇ ਦੀ ਲਵਾਈ 20 ਜੂਨ ਦੀ ਥਾਂ 13 ਜੂਨ ਤੋਂ ਕਰਨ ਦਾ ਐਲਾਨ ਕੀਤਾ ਸੀ। ਰਾਜ ਸਰਕਾਰ ਵੱਲੋਂ ਜੇ ਮੁੱਖ ਮੰਤਰੀ ਦਾ ਇਹ ਐਲਾਨ ਅਮਲ ਵਿੱਚ ਲਿਆਂਦਾ ਜਾਂਦਾ ਹੈ ਤਾਂ ਬਾਕਾਇਦਾ ਕਾਨੂੰਨ ਵਿੱਚ ਸੋਧ ਜਾਂ ਆਰਡੀਨੈਂਸ ਜਾਰੀ ਕਰਕੇ ਨੋਟੀਫਿਕੇਸ਼ਨ ਰਾਹੀਂ ਅਮਲ ਵਿੱਚ ਲਿਆਂਦਾ ਜਾਵੇਗਾ। ਇਕ ਅਕਾਲੀ ਆਗੂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਦਾ ਐਲਾਨ ਭਾਵੇਂ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਹੈ, ਪਰ ਪਾਰਟੀ ਮੁੱਖ ਮੰਤਰੀ ਦੀ ਸ਼ਿਕਾਇਤ ਨਹੀਂ ਕਰੇਗੀ, ਕਿਉਂਕਿ ਫੈਸਲਾ ਕਿਸਾਨਾਂ ਦੇ ਹਿੱਤ ਵਿੱਚ ਹੈ।



ਪੰਜਾਬ ਦੇ ਮੁੱਖ ਚੋਣ ਅਧਿਕਾਰੀ ਡਾ. ਐਸ ਕਰੁਣਾ ਰਾਜੂ

## ਗ੍ਰਿਫਤਾਰ ਨੌਜਵਾਨਾਂ ਨੂੰ ਤਿਹਾੜ ਜੇਲ੍ਹ 'ਚ ਭੇਜਣ ਦੇ ਹੁਕਮ

ਲੁਧਿਆਣਾ, 8 ਮਈ (ਪੋਸਟ ਬਿਊਰੋ)- ਪੰਜਾਬ ਦੀਆਂ ਵੱਖ-ਵੱਖ ਥਾਵਾਂ ਉਤੇ ਛੇ ਹਿੰਦੂ ਆਗੂਆਂ ਦੀ ਹੱਤਿਆ ਦੇ ਮਾਮਲੇ 'ਚ ਪੁਲਸ ਵੱਲੋਂ ਗ੍ਰਿਫਤਾਰ ਕੀਤੇ ਨੌਜਵਾਨਾਂ ਨੂੰ ਤਿਹਾੜ ਜੇਲ੍ਹ 'ਚ ਭੇਜ ਦਿੱਤਾ ਜਾਵੇਗਾ ਤੇ ਇਨ੍ਹਾਂ ਦੇ ਕੇਸਾਂ ਦੀ ਸੁਣਵਾਈ ਵੀ ਦਿੱਲੀ ਦੀ ਵਿਸ਼ੇਸ਼ ਐਨ ਆਈ ਏ ਅਦਾਲਤ 'ਚ ਕੀਤੀ ਜਾਵੇਗੀ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਦੇ ਵੱਖ-ਵੱਖ ਥਾਵਾਂ ਉਤੇ ਛੇ ਹਿੰਦੂ ਆਗੂਆਂ ਦੀ ਹੱਤਿਆ ਦੇ ਮਾਮਲੇ 'ਚ ਪੁਲਸ ਨੇ 11 ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਸੀ, ਇਨ੍ਹਾਂ ਵਿੱਚ ਹਰਦੀਪ ਸਿੰਘ, ਰਮਨਦੀਪ ਸਿੰਘ ਸ਼ੇਰਾ, ਜਗਤਾਰ ਸਿੰਘ ਜਿੰਮੀ, ਧਰਮਿੰਦਰ ਸਿੰਘ ਗੁਗਨੀ, ਅਨਿਲ ਕੁਮਾਰ ਕਾਲਾ, ਅਮਨਿੰਦਰ ਸਿੰਘ, ਮਨਪ੍ਰੀਤ ਸਿੰਘ, ਰਵੀ ਪਾਲ ਸਿਘ, ਪਹਾੜ ਸਿੰਘ, ਪ੍ਰਵੇਜ਼ ਤੇ ਮਲੂਕ ਸ਼ਾਮਲ ਸਨ। ਐਨ ਆਈ ਏ ਵੱਲੋਂ ਇਨ੍ਹਾਂ ਸਾਰਿਆਂ ਖਿਲਾਫ ਵੱਖ-ਵੱਖ ਧਾਰਾਵਾਂ ਦਾ ਕੇਸ ਐਸ ਏ ਐਸ ਨਗਰ ਮੁਹਾਲੀ ਦੀ ਅਦਾਲਤ ਵਿੱਚ ਚਲਾਇਆ ਜਾ ਰਿਹਾ ਸੀ। ਕੁਝ ਸਮਾਂ ਪਹਿਲਾਂ ਐਨ ਆਈ ਏ ਨੇ ਸੁਪਰੀਮ ਕੋਰਟ 'ਚ ਰਿੱਟ ਦਾਇਰ ਕਰਕੇ ਇਨ੍ਹਾਂ ਨੂੰ ਦਿੱਲੀ ਦੀ ਤਿਹਾੜ ਜੇਲ੍ਹ 'ਚ ਭੇਜਣ ਦੀ ਬੇਨਤੀ ਕੀਤੀ ਸੀ। ਐਨ ਆਈ ਏ ਦਾ ਕਹਿਣਾ ਸੀ ਕਿ ਪੰਜਾਬ 'ਚ ਇਨ੍ਹਾਂ ਨੌਜਵਾਨਾਂ ਦੀ ਜਾਨ ਨੂੰ ਖਤਰਾ ਹੈ ਅਤੇ ਇਹ ਜੇਲ੍ਹਾਂ ਵਿੱਚ ਖਾਲਿਸਤਾਨ ਦਾ ਪ੍ਰਚਾਰ ਕਰਦੇ ਹਨ। ਇਸ ਤੋਂ ਇਲਾਵਾ ਇਹ ਫਰਾਰ ਵੀ ਹੋ ਸਕਦੇ ਹਨ। ਸੁਰੱਖਿਆ ਕਾਰਨਾਂ ਕਰਕੇ ਇਨ੍ਹਾਂ ਨੂੰ ਤਿਹਾੜ ਜੇਲ੍ਹ 'ਚ ਭੇਜਿਆ ਜਾਵੇ।

ਕੱਲ੍ਹ ਸੁਪਰੀਮ ਕੋਰਟ 'ਚ ਜਸਟਿਸ ਅਰੁਣ ਮਿਸ਼ਰਾ ਵਾਲੇ ਬੈਂਚ ਨੇ ਇਸ ਕੇਸ ਦੀ ਸੁਣਵਾਈ ਪਿੱਛੋਂ ਫੈਸਲਾ ਸੁਣਾ ਦਿੱਤਾ ਅਤੇ ਐਨ ਆਈ ਏ ਦੀਆਂ ਦੋਵੇਂ ਬੇਨਤੀਆਂ ਮਨਜ਼ੂਰ ਕਰ ਲਈਆਂ। ਅੱਗੋਂ ਇਹ ਸਾਰੇ ਨੌਜਵਾਨ ਦਿੱਲੀ ਦੀ ਤਿਹਾੜ ਜੇਲ੍ਹ 'ਚ ਭੇਜ ਦਿੱਤੇ ਜਾਣਗੇ ਅਤੇ ਇਨ੍ਹਾਂ ਖਿਲਾਫ ਮੁਕੱਦਮਾ ਵੀ ਉਥੇ ਹੀ ਚੱਲੇਗਾ। ਇਸ ਵਕਤ ਇਨ੍ਹਾਂ ਨੌਜਵਾਨਾਂ 'ਚੋਂ ਮਲੂਕ ਪਟਿਆਲਾ ਜੇਲ੍ਹ ਅਤੇ ਹਰਦੀਪ ਸਿੰਘ ਸ਼ੇਰਾ ਬਠਿੰਡਾ ਜੇਲ੍ਹ 'ਚ ਬੰਦ ਹਨ। ਪੁਲਸ ਵੱਲੋਂ ਪੰਜਾਬ ਦੇ ਵੱਖ-ਵੱਖ ਥਾਵਾਂ 'ਤੇ ਛੇ ਹਿੰਦੂ ਆਗੂਆਂ ਦੀ ਹੱਤਿਆ ਦੇ ਮਾਮਲੇ 'ਚ ਇਨ੍ਹਾਂ ਨੂੰ ਗ੍ਰਿਫਤਾਰ ਕੀਤਾ ਸੀ। ਇਨ੍ਹਾਂ 'ਚ ਰਵਿੰਦਰ ਗੋਸਾਈਂ, ਅਮਿਤ ਸ਼ਰਮਾ, ਪਾਦਰੀ ਸੁਲਤਾਨ ਮਸੀਹ, ਦੁਰਗਾ ਪ੍ਰਸਾਦ ਅਤੇ ਜਗੇੜਾ ਨੇੜੇ ਦੋ ਡੇਰਾ ਪ੍ਰੇਮੀਆਂ ਦੀ ਹੱਤਿਆ ਦੇ ਮਾਮਲੇ ਸ਼ਾਮਲ ਹਨ। ਇਸ ਤੋਂ ਇਲਾਵਾ ਲੁਧਿਆਣਾ ਦੇ ਕਿਦਵਾਈ ਨਗਰ ਵਿੱਚ ਆਰ ਐਸ ਐਸ ਸ਼ਾਖਾ 'ਤੇ ਗੋਲੀਆਂ ਚਲਾਉਣ ਦੇ ਦੋਸ਼ 'ਚ ਵੀ ਇਨ੍ਹਾਂ ਨੌਜਵਾਨਾਂ ਨੂੰ ਨਾਮਜ਼ਦ ਕੀਤਾ ਗਿਆ ਸੀ। ਇਨ੍ਹਾਂ ਨੌਜਵਾਨਾਂ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਅਦਾਲਤ ਦੇ ਇਸ ਫੈਸਲੇ ਖਿਲਾਫ ਰਿਵਿਊ ਪਟੀਸ਼ਨ ਲਗਾਈ ਜਾਵੇਗੀ।




## ਵਾਹਗਾ ਬਾਰਡਰ ਤੋਂ ਇੰਡੋ-ਪਾਕਿ ਵਪਾਰ ਰੁਕਣ ਉਤੇ ਆਪਰੇਟਰਾਂ ਨੇ 250 ਟਰੱਕ ਵੇਚੇ

ਅਟਾਰੀ ਬਾਰਡਰ, 8 ਮਈ (ਪੋਸਟ ਬਿਊਰੋ)- ਪੁਲਵਾਮਾ ਅੱਤਵਾਦੀ ਹਮਲੇ ਦੇ ਬਾਅਦ ਭਾਰਤ ਵੱਲੋਂ ਪਾਕਿਸਤਾਨ ਤੋਂ ਮਾਲ ਦੀ ਇੰਪੋਰਟ ਉੱਤੇ 200 ਫੀਸਦੀ ਕਸਟਮ ਡਿਊਟੀ ਲਾਉਣ ਦੇ ਕਾਰਨ ਅਟਾਰੀ ਬਾਰਡਰ ਦਾ ਟ੍ਰੇਡ ਬੰਦ ਚੱਲ ਰਿਹਾ ਹੈ। ਇਸ ਕਾਰਨ ਹਜ਼ਾਰਾਂ ਲੇਬਰ ਬੇਕਾਰ ਹੋਈ ਅਤੇ ਇਸ ਕੰਮ ਵਿੱਚ ਲੱਗੇ ਟਰੱਕ ਵੇਚਣ ਦਾ ਸਿਲਸਿਲਾ ਜਾਰੀ ਹੈ। ਢਾਈ ਮਹੀਨੇ ਵਿੱਚ ਟਰੱਕ ਮਾਲਕਾਂ ਨੇ 250 ਟਰੱਕਾਂ ਨੂੰ ਘੱਟ ਕੀਮਤ ਉੱਤੇ ਵੇਚ ਦਿੱਤਾ ਹੈ। ਬਾਕੀ ਬਚੇ ਟਰੱਕ ਆਪਰੇਟਰਾਂ ਦੇ ਸਾਹਮਣੇ ਬੈਂਕਾਂ ਦੀ ਕਿਸ਼ਤ ਦੇਣ ਦੇ ਲਈ ਜ਼ਮੀਨ ਅਤੇ ਮਕਾਨ ਵੇਚਣ ਦੀ ਨੌਬਤ ਆ ਚੁੱਕੀ ਹੈ।

ਇਸ ਸੰਬੰਧ ਵਿੱਚ ਅਟਾਰੀ ਟਰੱਕ ਆਪਰੇਟਰ ਯੂਨੀਅਨ ਦੇ ਪ੍ਰਧਾਨ ਨੇ ਦੱਸਿਆ ਕਿ ਕੌਮਾਂਤਰੀ ਚੈੱਕ ਪੋਸਟ (ਆਈ ਸੀ ਪੀ) ਬਣਨ ਪਿੱਛੋਂ 160 ਮਾਲਕਾਂ ਨੇ 517 ਗੱਡੀਆਂ ਖਰੀਦੀਆਂ ਸਨ ਅਤੇ ਹਰ ਗੱਡੀ 'ਤੇ ਇੱਕ ਡਰਾਈਵਰ ਅਤੇ ਇੱਕ ਕਲੀਨਰ ਰੱਖਿਆ ਸੀ। ਕੰਮ ਵਧੀਆ ਚੱਲ ਰਿਹਾ ਸੀ, ਪਰ ਕਸਟਮ ਡਿਊਟੀ ਵਧਣ ਨਾਲ ਪੂਰੀ ਤਰ੍ਹਾਂ ਬੰਦ ਹੋ ਗਿਆ। ਇੱਕ ਡੇਢ ਮਹੀਨ ਇੰਤਜ਼ਾਰ ਕੀਤਾ ਗਿਆ ਕਿ ਸ਼ਾਇਦ ਕੰਮ ਚੱਲ ਜਾਏ, ਪ੍ਰੰਤੂ ਅਜਿਹਾ ਨਹੀਂ ਹੋਇਆ। ਇੱਕ ਪਾਸੇ ਕੰਮ ਨਹੀਂ ਚੱਲ ਰਿਹਾ ਤੇ ਦੂਸਰੇ ਪਾਸੇ ਬੈਂਕਾਂ ਤੋਂ ਟਰੱਕਾਂ ਵਾਸਤੇ ਲਏ ਕਰਜ਼ੇ ਦਾ ਵਿਆਜ ਵੀ ਵਧ ਰਿਹਾ ਸੀ। ਅਜਿਹੇ ਵਿੱਚ 250 ਗੱਡੀਆਂ ਨੂੰ ਇੱਕ-ਇੱਕ ਕਰ ਕੇ ਲੋਕਾਂ ਨੂੰ ਵੇਚ ਦਿੱਤਾ। ਉਨ੍ਹਾਂ ਦਾ ਕਹਿਣਾ ਹੈ ਕਿ ਕਈ ਤਾਂ ਅਜਿਹੇ ਹਨ ਜਿਨ੍ਹਾਂ ਦੀ ਹਾਲਤ ਇਨ੍ਹਾਂ ਮਾੜੀ ਬਣ ਗਈ ਹੈ ਕਿ ਬਾਕੀ ਦੀ ਜ਼ਮੀਨ ਜਾਂ ਫਿਰ ਮਕਾਨ ਵੇਚਣ ਦੀ ਮਜ਼ਬੂਰੀ ਆ ਗਈ ਹੈ।



### ਸੁਖਬੀਰ ਦੇ ਹਲਕੇ ਕੈਪਟਨ ਦੀ ਸੰਨ੍ਹ

## ਰੌਂਕੀ ਦੀ ਭੈਣ ਰਾਜਦੀਪ ਤੇ ਪਰਿਵਾਰ ਨੇ ਕਾਂਗਰਸ ਦਾ ਪੱਲਾ ਫੜਿਆ

ਜਲੰਧਰ, 8 ਮਈ (ਪੋਸਟ ਬਿਊਰੋ)- ਪਾਰਲੀਮੈਂਟਰੀ ਹਲਕਾ ਫਿਰੋਜ਼ਪੁਰ, ਜਿੱਥੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ, ਨਾਲ ਸੰਬੰਧਤ ਰਾਜਦੀਪ ਕੌਰ ਨੇ ਕੱਲ੍ਹ ਕਾਂਗਰਸ ਦਾ ਪੱਲਾ ਫੜ ਲਿਆ ਹੈ। ਲਗਭਗ ਇੱਕ ਸਾਲ ਪਹਿਲਾਂ ਰਾਜਦੀਪ ਕੌਰ ਅਕਾਲੀ ਦਲ ਵਿੱਚ ਸ਼ਾਮਲ ਹੋਈ ਸੀ। ਉਸ ਨੇ 2017 ਵਿੱਚ ਫਾਜ਼ਿਲਕਾ ਵਿਧਾਨ ਸਭਾ ਸੀਟ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਕੇ 38000 ਤੋਂ ਵੱਧ ਵੋਟਾਂ ਹਾਸਲ ਕੀਤੀਆਂ ਸਨ। ਰਾਜਦੀਪ ਕੌਰ ਦੀ ਮਾਂ ਹਰਮੰਦਰ ਕੌਰ ਅਤੇ ਪਰਿਵਾਰ ਵੀ ਕਾਂਗਰਸ ਵਿੱਚ ਸ਼ਾਮਲ ਹੋ ਗਿਆ ਹੈ।

ਕੱਲ੍ਹ ਰਾਜਦੀਪ ਕੌਰ ਅਤੇ ਉਸ ਦੀ ਮਾਂ ਹਰਮੰਦਰ ਕੌਰ ਨੂੰ ਕਾਂਗਰਸ ਵਿੱਚ ਸ਼ਾਮਲ ਕਰਨ ਦੇ ਵਕਤ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਇਨ੍ਹਾਂ ਦੇ ਕਾਂਗਰਸ ਵਿੱਚ ਸ਼ਾਮਲ ਹੋਣ ਨਾਲ ਅਕਾਲੀ ਦਲ ਤੇ ਉਨ੍ਹਾਂ ਦਾ ਸਮਰਥਨ ਕਰਦੀਆਂ ਤਾਕਤਾਂ ਦੀ ਫੁੱਟ ਪਾਊ ਸਿਆਸਤ ਦਾ ਅੰਤ ਹੋਵੇਗਾ। ਉਨ੍ਹਾ ਨੇ ਕਿਹਾ ਕਿ ਜੇ ਸੁਖਬੀਰ ਸਿੰਘ ਬਾਦਲ ਦੇ ਆਪਣੇ ਹਲਕੇ ਦਾ ਇਹ ਹਾਲ ਹੈ ਤਾਂ ਇਸ ਤੋਂ ਪਤਾ ਲੱਗਦਾ ਹੈ ਕਿ ਰਾਜ ਦੀ ਹਵਾ ਕਿਸ ਪਾਰਟੀ ਦੇ ਪੱਖ ਵਿੱਚ ਵਗ ਰਹੀ ਹੈ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਉਹ ਫਿਰੋਜ਼ਪੁਰ ਅਤੇ ਬਠਿੰਡਾ ਦੋਵੇਂ ਚੋਣ ਹਲਕਿਆਂ ਵਿੱਚ ਬਾਦਲ ਜੋੜੇ ਦੀ ਹਾਰ ਯਕੀਨੀ ਬਣਾਉਣ ਦੀ ਵਾਹ ਲਾਉਣਗੇ।

ਕਿਸੇ ਸਮੇਂ ਵੱਡਾ ਗੈਂਗਸਟਰ ਮੰਨੇ ਜਾਂਦੇ ਮਰਹੂਮ ਜਸਵਿੰਦਰ ਸਿੰਘ ਰੌਂਕੀ ਦੀ ਭੈਣ ਰਾਜਦੀਪ ਕੌਰ ਨੇ ਮੁੱਖ ਮੰਤਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਸਾਨੂੰ ਪੰਜਾਬ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਹੈ।



## ਬਿਜੈ ਸਿੰਘ ਕਹਿੰਦੈ: ਮੈਨੂੰ ਸਾਜ਼ਿਸ਼ ਤਹਿਤ ਫਸਾਇਆ ਗਿਐ

ਸ੍ਰੀ ਆਨੰਦਪੁਰ ਸਾਹਿਬ, 8 ਮਈ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਚ ਪੈਸੇ ਲੈ ਕੇ ਭਰਤੀ ਕਰਨ ਦੇ ਕੇਸ ਬਾਰੇ ਐਡੀਸ਼ਨਲ ਸੈਕਟਰੀ ਬਿਜੈ ਸਿੰਘ ਨੇ ਆਪਣੇ ਆਪ ਨੂੰ ਬੇਕਸੂਰ ਦੱਸਿਆ ਹੈ। ਸਸਪੈਂਡ ਹੋਣ ਤੋਂ ਬਾਅਦ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਦਫਤਰ ਵਿਖੇ ਹਾਜ਼ਰੀ ਲਾਉਣ ਪਿੱਛੋਂ ਧਰਮ ਪ੍ਰਚਾਰ ਕਮੇਟੀ ਦੇ ਐਡੀਸ਼ਨਲ ਸੈਕਟਰੀ ਬਿਜੈ ਸਿੰਘ ਨੇ ਕਿਹਾ ਕਿ ਉਨ੍ਹਾਂ ਖਿਲਾਫ ਜਾਣਬੁੱਝ ਕੇ ਸ਼ਿਕਾਇਤਾਂ ਕਰਵਾਈਆਂ ਗਈਆਂ ਅਤੇ ਸਾਜ਼ਿਸ਼ ਤਹਿਤ ਉਨ੍ਹਾਂ ਨੂੰ ਬਲੀ ਦਾ ਬੱਕਰਾ ਬਣਾਇਆ ਗਿਆ ਹੈ। ਇਸ ਸਬੰਧ ਵਿੱਚ ਉਨ੍ਹਾਂ ਕਿਹਾ ਕਿ ਉਹ ਪਿਛਲੇ 25 ਸਾਲਾਂ ਤੋਂ ਬੇਦਾਗ ਸੇਵਾਵਾਂ ਨਿਭਾ ਰਹੇ ਹਨ, ਪਰ ਅਚਾਨਕ ਉਨ੍ਹਾਂ 'ਤੇ ਦੋਸ਼ਾਂ ਦੀ ਝੜੀ ਲਾ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਵਿੱਚ 40 ਲੋਕਾਂ ਨੂੰ ਨੌਕਰੀ ਲਾਉਣ ਬਦਲੇ ਉਨ੍ਹਾਂ ਕੋਲੋਂ 40 ਲੱਖ ਰੁਪਏ ਲੈਣ ਦੇ ਝੂਠੇ ਦੋਸ਼ ਲਾਏ ਗਏ ਹਨ। ਇਹ ਗੱਲ ਸਪੱਸ਼ਟ ਕਰਦਿਆਂ ਬਿਜੈ ਸਿੰਘ ਨੇ ਕਿਹਾ ਕਿ ਉਨ੍ਹਾਂ ਤੋਂ ਖਾਲੀ ਚੈਕਾਂ ਉੱਤੇ ਦਬਾਅ ਪਾ ਕੇ ਦਸਖਤ ਕਰਾਏ ਗਏ ਹਨ ਅਤੇ ਤਰਨ ਤਾਰਨ ਦੀ ਦਰਸ਼ਨੀ ਡਿਓਢੀ ਨੂੰ ਢਾਹੇ ਜਾਣ ਦੇ ਮਸਲੇ ਨੂੰ ਠੰਢੇ ਬਸਤੇ ਵਿੱਚ ਪਾਉਣ ਲਈ ਉਨ੍ਹਾਂ ਨੂੰ ਫਸਾਉਣ ਦਾ ਸਾਜ਼ਿਸ਼ ਰਚੀ ਗਈ ਹੈ।

## ਸ਼ਾਰਟ ਸਰਕਟ ਕਾਰਨ ਛੇ ਸਰੂਪ ਅਗਨ ਭੇਟ

ਝਬਾਲ, 8 ਮਈ (ਪੋਸਟ ਬਿਊਰੋ)- ਥਾਣਾ ਝਬਾਲ ਦੇ ਪਿੰਡ ਚੱਕ ਸਿਕੰਦਰ ਵਿਖੇ ਕੱਲ੍ਹ ਰਾਤ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਾਰਟ ਸਰਕਟ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਛੇ ਸਰੂਪ ਤੇ ਦੋ ਵੱਡੀਆਂ ਪੋਥੀਆਂ ਸੜ ਗਈਆਂ। ਗੁਰਦੁਆਰਾ ਸਿੰਘ ਸਭਾ ਚੱਕ ਸਿਕੰਦਰ ਦੇ ਗ੍ਰੰਥੀ ਗੁਰਨਾਮ ਸਿੰਘ ਨੇ ਦੱਸਿਆ ਕਿ ਉਹ ਇਸ ਗੁਰਦੁਆਰਾ ਸਾਹਿਬ ਵਿੱਚ ਗ੍ਰੰਥੀ ਵਜੋਂ ਪਿਛਲੇ ਕਾਫੀ ਲੰਮੇ ਸਮੇਂ ਤੋਂ ਸੇਵਾ ਕਰ ਰਿਹਾ ਹੈ ਅਤੇ ਕੱਲ੍ਹ ਰਾਤ ਉਹ ਸੁੱਖ ਆਸਣ ਕਰਨ ਦੇ ਬਾਅਦ ਗੁਰਦੁਆਰਾ ਸਾਹਿਬ ਨੂੰ ਬੰਦ ਕਰ ਕੇ ਸੁੱਤਾ ਸੀ। ਤਕਰੀਬਨ ਤਿੰਨ ਵਜੇ ਗੁਰਦੁਆਰੇ ਦੇ ਅੰਦਰੋਂ ਕੁਝ ਆਵਾਜ਼ ਆਈ ਤਾਂ ਉਸ ਨੇ ਦਰਵਾਜ਼ਾ ਖੋਲ੍ਹ ਕੇ ਵੇਖਿਆ, ਅੰਦਰ ਸਾਰਾ ਹਾਲ ਧੂੰਏਂ ਨਾਲ ਭਰਿਆ ਪਿਆ ਸੀ। ਉਸ ਨੇ ਆਪਣੇ ਪਰਵਾਰ ਸਮੇਤ ਬੜੀ ਮੁਸ਼ਕਲ ਨਾਲ ਅੰਦਰ ਜਾ ਕੇ ਵੇਖਿਆ ਤਾਂ ਪੀੜ੍ਹਾ ਸਾਹਿਬ, ਜਿਸ ਵਿੱਚ ਛੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨ, ਬੁਰੀ ਤਰ੍ਹਾਂ ਸੜ ਚੁੱਕੇ ਸਨ, ਅਤੇ ਦੋ ਵੱਡੀਆਂ ਪੋਥੀਆਂ ਵੀ ਅਗਨ ਭੇਟ ਹੋ ਗਈਆਂ ਸਨ। ਇਸ ਦੀ ਜਾਣਕਾਰੀ ਮਿਲਦਿਆਂ ਸਾਰ ਵੱਡੀ ਗਿਣਤੀ ਵਿੱਚ ਆਸ ਪਾਸ ਦੇ ਲੋਕ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਗਏ। ਗ੍ਰੰਥੀ ਗੁਰਨਾਮ ਸਿੰਘ ਨੇ ਦੱਸਿਆ ਕਿ ਇਹ ਸਭ ਪਲੰਘ ਸਾਹਿਬ ਦੇ ਅੰਦਰਲੇ ਪਾਸੇ ਲਾਏ ਪੱਖੇ ਦੇ ਸ਼ਾਰਟ ਸਰਕਟ ਨਾਲ ਹੋਇਆ ਹੈ।

ਮੌਕੇ 'ਤੇ ਪਹੁੰਚੀ ਡੀ ਐੱਸ ਪੀ ਕੰਵਲਜੀਤ ਸਿੰਘ ਅਤੇ ਥਾਣਾ ਮੁਖੀ ਬਲਜੀਤ ਸਿੰਘ ਨੇ ਕਿਹਾ ਕਿ ਇਹ ਸਪੱਸ਼ਟ ਹੈ ਕਿ ਅੱਗ ਸ਼ਾਰਟ ਸਰਕਟ ਕਾਰਨ ਲੱਗੀ ਹੈ, ਇਸ ਲਈ ਪਿੰਡ ਵਾਸੀਆਂ ਤੇ ਹਾਜ਼ਰ ਸਿੱਖ ਜਥੇਬੰਦੀਆਂ ਦੀ ਸਹਿਮਤੀ ਨਾਲ ਪਹਿਲੀ ਕਮੇਟੀ ਭੰਗ ਕਰ ਕੇ ਨਵੀਂ ਸੱਤ ਮੈਂਬਰੀ ਕਮੇਟੀ ਬਣਾਈ ਗਈ ਅਤੇ ਗ੍ਰੰਥੀ ਸਿੰਘ ਨੂੰ ਹਾਲ ਦੀ ਘੜੀ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਦੀ ਡਿਊਟੀ ਤੋਂ ਪੰਜ ਮਹੀਨਿਆਂ ਲਈ ਹਟਾ ਦਿੱਤਾ ਗਿਆ ਹੈ।

ਮੂੰਹੋ ਬੋਲਦੀ Kitchen and Washroom ਬਣਵਾਓ

**Pearson**
**Kitchen & Cabinet**

Free Estimate
We Specialize in granite, quartz & marble countertops

100% Satisfaction
On Time





We Specialize In:
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor


ਵਾਜਿਬ ਦਾਮ ਤੇ ਸਮੇਂ ਸਿਰ ਕੰਮ

Call Vikramjit Sangha: 416-200-0931

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)

A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers **No Waiting at All**
- **Highest Pay Rate** Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- **Always Home At Weekends**
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344





# ਚੋਣ ਕਮਿਸ਼ਨ ਨੂੰ ਜ਼ਾਬਤਾ ਉਲੰਘਣ ਦੀਆਂ ਸਭ ਤੋਂ ਵੱਧ ਸ਼ਿਕਾਇਤਾਂ ਭਾਜਪਾ ਵਿਰੁੱਧ ਮਿਲੀਆਂ




ਨਵੀਂ ਦਿੱਲੀ, 8 ਮਈ (ਪੋਸਟ ਬਿਊਰੋ)- ਪਾਰਲੀਮੈਂਟ ਚੋਣਾਂ ਦੌਰਾਨ ਚੋਣ ਕਮਿਸ਼ਨ ਨੇ ਚੋਣ ਜ਼ਾਬਤੇ ਦੀ ਉਲੰਘਣਾ ਬਾਰੇ ਜਿਨ੍ਹਾਂ 40 ਕੇਸਾਂ ਦਾ ਨਿਬੇੜਾ ਕੀਤਾ ਹੈ, ਇਕ ਵਿਸ਼ਲੇਸ਼ਣ ਤੋਂ ਸਾਹਮਣੇ ਆਇਆ ਕਿ ਇਨ੍ਹਾਂ ਵਿਚੋਂ ਜ਼ਿਆਦਾ ਕੇਸ ਭਾਜਪਾ ਨੇਤਾਵਾਂ ਵਿਰੁਧ ਸਨ। ਸੂਤਰਾਂ ਮੁਤਾਬਕ ਚੋਣ ਕਮਿਸ਼ਨ ਨੂੰ ਅਪਣੇ ਹੈੱਡਕੁਆਰਟਰ ਵਿੱਚ ਕੁੱਲ 46 ਸ਼ਿਕਾਇਤਾਂ ਮਿਲੀਆਂ, ਜਿਨ੍ਹਾਂ ਵਿਚੋਂ 40 ਦਾ ਨਿਬੇੜਾ ਹੋ ਚੁੱਕਾ ਹੈ ਅਤੇ ਬਾਕੀ ਛੇ ਮਾਮਲੇ ਅਜੇ ਵਿਚਾਰ ਅਧੀਨ ਹਨ।

ਇਸ ਬਾਰੇ ਮਿਲੀ ਜਾਣਕਾਰੀ ਅਨੁਸਾਰ ਕੁੱਲ ਸ਼ਿਕਾਇਤਾਂ ਵਿਚੋਂ 29 ਭਾਜਪਾ ਦੇ ਨੇਤਾਵਾਂ ਵਿਰੁਧ, 13 ਕਾਂਗਰਸ ਦੇ ਨੇਤਾਵਾਂ ਵਿਰੁਧ, ਦੋ ਸਮਾਜਵਾਦੀ ਪਾਰਟੀ ਨੇਤਾਵਾਂ ਦੇ ਵਿਰੁਧ ਤੇ ਇਕ-ਇਕ ਟੀ ਆਰ ਐਸ ਅਤੇ ਬਸਪਾ ਨੇਤਾਵਾਂ ਵਿਰੁਧ ਸਨ। ਭਾਜਪਾ ਨੇਤਾਵਾਂ ਵਿਰੁਧ ਮਿਲੀਆਂ 29 ਸ਼ਿਕਾਇਤਾਂ ਵਿਚੋਂ 15 ਕੇਸਾਂ ਵਿਚ ਚੋਣ ਪ੍ਰਚਾਰ ਦੀ ਰੋਕ ਲਾਉਣ, ਕੇਸ ਦਰਜ ਕਰਾਉਣ, ਚਿਤਾਵਨੀ ਦੇਣ ਤੇ ਸਲਾਹ ਦੇਣ ਦੀਆਂ ਕਾਰਵਾਈਆਂ ਕੀਤੀਆਂ ਗਈਆਂ ਅਤੇ 10 ਕੇਸਾਂ ਵਿਚ ਉਲੰਘਣਾ ਨਹੀਂ ਪਾਈ ਗਈ, ਪਰ ਬਾਕੀ ਸ਼ਿਕਾਇਤਾਂ ਵਿਚਾਰ ਅਧੀਨ ਹਨ। ਭਾਜਪਾ ਨੂੰ ਜਿਨ੍ਹਾਂ 10 ਕੇਸਾਂ ਦੀ ਕਲੀਨ ਚਿਟ ਮਿਲੀ, ਉਨ੍ਹਾਂ ਵਿਚੋਂ ਨੌਂ ਕੇਸ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਦੇ ਵਿਰੁਧ ਸਨ।

ਵਰਨਣ ਯੋਗ ਹੈ ਕਿ ਜਿਹੜੇ ਪਹਿਲੇ ਪੰਜ ਕੇਸਾਂ ਵਿਚ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਨੂੰ ਚੋਣ ਕਮਿਸ਼ਨ ਨੇ ਕਲੀਨ ਚਿਟ ਦਿਤੀ ਸੀ, ਉਨ੍ਹਾਂ ਵਿਚੋਂ ਤਿੰਨ ਬਾਰੇ ਇਕ ਚੋਣ ਕਮਿਸ਼ਨਰ ਅਸ਼ੋਕ ਲਵਾਸਾ ਨੇ ਵੱਖਰੇ ਵਿਚਾਰ ਰੱਖੇ ਸਨ ਤੇ ਇਨ੍ਹਾਂ ਕੇਸਾਂ ਦਾ ਆਖ਼ਰੀ ਫ਼ੈਸਲਾ 2-1 ਦੇ ਬਹੁਮਤ ਨਾਲ ਲਿਆ ਗਿਆ ਸੀ।

ਕਾਂਗਰਸ ਨੇਤਾਵਾਂ ਦੇ ਵਿਰੁਧ ਚੋਣ ਜ਼ਾਬਤੇ ਦੀ ਉਲੰਘਣਾ ਦੇ ਜੋ ਕੇਸ ਦਰਜ ਹੋਏ ਸਨ, ਉਨ੍ਹਾਂ ਵਿਚੋਂ ਅੱਧੇ ਤੋਂ ਵੱਧ ਕੇਸਾਂ ਵਿਚ ਉਨ੍ਹਾਂ ਨੂੰ ਕਲੀਨ ਚਿਟ ਮਿਲ ਗਈ ਸੀ। ਜਿਹੜੇ ਸੱਤ ਕੇਸਾਂ ਵਿਚ ਕਾਂਗਰਸ ਨੂੰ ਕਲੀਨ ਚਿਟ ਮਿਲੀ ਉਨ੍ਹਾਂ ਵਿਚੋਂ ਤਿੰਨ ਕੇਸ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੇ ਵਿਰੁਧ ਸਨ। ਕਾਂਗਰਸ ਨੇਤਾ ਕਮਲ ਨਾਥ ਤੇ ਸਲਮਾਨ ਖੁਰਸ਼ੀਦ ਦੇ ਵਿਰੁਧ ਸ਼ਿਕਾਇਤਾਂ ਨੂੰ ਕਾਰਵਾਈ ਲਾਇਕ ਨਹੀਂ ਪਾਇਆ ਗਿਆ। ਪ੍ਰਚਾਰ ਦੌਰਾਨ ਫ਼ੌਜ ਦੇ ਸਾਹਸ ਦਾ ਮੋਦੀ ਵਲੋਂ ਜ਼ਿਕਰ ਕਰਨ ਦੇ ਕੇਸ ਵਿਚ ਮਿਲੀ ਸ਼ਿਕਾਇਤ ਉਤੇ ਕਮਿਸ਼ਨ ਵੱਲੋਂ ਪ੍ਰਧਾਨ ਮੰਤਰੀ ਨੂੰ ਇਕ ਚੋਣ ਕਮਿਸ਼ਨਰ ਦੇ ਸਹਿਮਤ ਨਾ ਹੋਣ ਦੇ ਬਾਵਜੂਦ ਫ਼ੈਸਲੇ ਵਿੱਚ ਕਲੀਨ ਚਿਟ ਦੇਣ ਦੇ ਸਵਾਲ ਉੱਠਣ ਲੱਗੇ ਹਨ।

ਉਪ ਚੋਣ ਕਮਿਸ਼ਨਰ ਸੰਦੀਪ ਸ਼੍ਰੀਵਾਸਤਵ ਨੇ ਇਸ ਬਾਰੇ ਸਪੱਸ਼ਟ ਕੀਤਾ ਕਿ ਆਮ ਕਰ ਕੇ ਕਮਿਸ਼ਨ ਦੇ ਸਾਰੇ ਚੋਣ ਕਮਿਸ਼ਨਰਾਂ ਦੀ ਰਾਏ ਦੇ ਆਧਾਰ ਉਤੇ ਸਰਬ ਸੰਮਤੀ ਨਾਲ ਫ਼ੈਸਲਾ ਕੀਤਾ ਜਾਂਦਾ ਹੈ, ਪਰ ਕੁਝ ਕੇਸਾਂ ਵਿਚ ਕਿਸੇ ਇੱਕ ਦੀ ਅਸਹਿਮਤੀ ਹੋਣ ਉੱਤੇ ਬਹੁਮਤ ਨਾਲ ਫ਼ੈਸਲਾ ਕੀਤਾ ਜਾਂਦਾ ਹੈ। ਨਰਿੰਦਰ ਮੋਦੀ ਵਾਲੇ ਕੇਸ ਵਿਚ ਇਹੀ ਸਥਿਤੀ ਹੈ। ਇਸ ਦੌਰਾਨ ਚੋਣ ਕਮਿਸ਼ਨ ਦੇ ਡਾਇਰੈਕਟਰ ਜਨਰਲ ਧੀਰੇਂਦਰ ਓਝਾ ਨੇ ਦੱਸਿਆ ਕਿ ਚੋਣਾਂ ਦੌਰਾਨ ਕਮਿਸ਼ਨ ਨੂੰ ਫਰਜ਼ੀ ਖ਼ਬਰਾਂ ਦੀਆਂ 189 ਸ਼ਿਕਾਇਤਾਂ ਮਿਲੀਆਂ ਹਨ। ਇਨ੍ਹਾਂ ਵਿਚ ਪੰਜਵੇਂ ਪੜਾਅ ਦੀ ਵੋਟਿੰਗ ਦੌਰਾਨ ਮਿਲੀਆਂ ਅੱਠ ਸ਼ਿਕਾਇਤਾਂ ਵੀ ਹਨ। ਇਸ ਤੋਂ ਇਲਾਵਾ ਸੋਸ਼ਲ ਮੀਡੀਆ ਉਤੇ ਜ਼ਾਬਤੇ ਦੀ ਉਲੰਘਣਾ ਦੀਆਂ ਸ਼ਿਕਾਇਤਾਂ ਉਤੇ ਕਮਿਸ਼ਨ ਨੇ ਫੇਸਬੁੱਕ ਤੋਂ ਚੋਣ ਨਿਯਮਾਂ ਦੀ ਉਲੰਘਣਾ ਕਰਦੀਆਂ 601 ਪੋਸਟਾਂ ਹਟਾਈਆਂ ਅਤੇ ਟਵਿੱਟਰ ਤੋਂ 52 ਪੋਸਟਾਂ ਅਤੇ ਯੂਟਿਊਬ ਤੋਂ ਪੰਜ ਪੋਸਟਾਂ ਹਟਾਈਆਂ ਅਤੇ ਵਾਟਸਐਪ ਤੋਂ ਅਜਿਹੇ ਤਿੰਨ ਮੈਸੇਜ ਹਟਾਏ ਹਨ।

# ਪ੍ਰਧਾਨ ਮੰਤਰੀ ਦਫਤਰ ਵਾਲੇ ਸੀਨੀਅਰ ਅਧਿਕਾਰੀਆਂ ਉਤੇ ਜਾਤੀ ਵਿਤਕਰੇ ਦਾ ਦੋਸ਼ ਲੱਗਾ


*** ਦਲਿਤ ਆਈ ਏ ਐੱਸ ਅਧਿਕਾਰੀ ਵੱਲੋਂ ਦੋਸ਼ ਲਾਏ ਗਏ**

ਨਵੀਂ ਦਿੱਲੀ, 8 ਮਈ (ਪੋਸਟ ਬਿਊਰੋ)- ਚੀਫ ਸੈਕਟਰੀ ਅਹੁਦੇ ਦੇ ਇਕ ਆਈ ਏ ਐਸ ਅਧਿਕਾਰੀ ਨੇ ਪ੍ਰਧਾਨ ਮੰਤਰੀ ਦੇ ਸੈਕਟਰੀ ਪੀ ਕੇ ਮਿਸ਼ਰਾ ਅਤੇ ਤਿੰਨ ਹੋਰ ਸੀਨੀਅਰ ਅਧਿਕਾਰੀਆਂ ਉੱਤੇ ਐਸ ਸੀ/ ਐਸ ਟੀ ਕਾਨੂੰਨ ਹੇਠ ਉਹਨਾਂ ਉੱਤੇ ਜ਼ੁਲਮ ਕਰਨ ਅਤੇ ਨਸਲੀ ਭੇਦਭਾਵ ਦੇ ਕਾਰਨ ਨੌਕਰੀ ਵਿਚ ਉਹਨਾਂ ਦੀ ਪ੍ਰਮੋਸ਼ਨ ਰੋਕਣ ਦੇ ਦੋਸ਼ ਲਾਏ ਹਨ।

ਤਾਮਿਲ ਨਾਡੂ ਕੇਡਰ ਦੇ 1985 ਬੈਚ ਦੇ ਅਧਿਕਾਰੀ ਜਗਮੋਹਨ ਸਿੰਘ ਰਾਜੂ ਪਿਛਲੇ ਹਫਤੇ ਇਨ੍ਹਾਂ ਚਾਰੇ ਅਫਸਰਾਂ ਵਿਰੁੱਧ ਕੇਸ ਦਰਜ ਕਰਾਉਣ ਗਏ, ਪਰ ਪੁਲਿਸ ਨੇ ਉਹਨਾਂ ਦੀ ਸ਼ਿਕਾਇਤ ਦਰਜ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਜਗਮੋਹਨ ਸਿੰਘ ਰਾਜੂ ਅਨੁਸੂਚਿਤ ਜਾਤੀ ਕਮਿਸ਼ਨ ਕੋਲ ਗਏ ਤਾਂ ਕਮਿਸ਼ਨ ਨੇ ਚੇਨਈ ਦੇ ਪੁਲਿਸ ਕਮਿਸ਼ਨਰ ਨੂੰ ਇਸ ਬਾਰੇ ਦੋ ਦਿਨਾਂ ਵਿਚ ਤੱਥ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ। ਰਾਜੂ ਨੇ ਦੋਸ਼ ਲਾਇਆ ਕਿ ਉਹਨਾਂ ਦੇ ਚੰਗੇ ਸਰਵਿਸ ਰਿਕਾਰਡ ਦੇ ਬਾਵਜੂਦ ਇਨ੍ਹਾਂ ਅਫਸਰਾਂ ਨੇ ਸਾਲ 2015 ਤੋਂ ਸੈਕਟਰੀ ਪੈਨਲ ਵਿਚ ਉਹਨਾਂ ਦਾ ਦਾਖਲਾ ਨਾ ਹੋਣ ਦੇਣ ਦੀ ਸਾਜ਼ਿਸ਼ ਰਚੀ ਹੈ। ਰਾਜੂ ਦੇ ਬੈਚ ਦੇ ਅਧਿਕਾਰੀ 2017 ਵਿਚ ਸੈਕਟਰੀ ਅਹੁਦੇ (ਪ੍ਰਸ਼ਾਸਕ ਸੇਵਾ ਦੇ ਸਭ ਤੋਂ ਉੱਚੇ ਪੱਧਰ) ਉੱਤੇ ਜਾ ਚੁਕੇ ਹਨ, ਪਰ ਉਹਨਾਂ ਨੂੰ ਹਾਲੇ ਐਡੀਸ਼ਨਲ ਸਕੱਤਰ ਦਾ ਅਹੁਦਾ ਵੀ ਨਹੀਂ ਮਿਲਿਆ।

ਇਸ ਤੋਂ ਪਹਿਲਾਂ ਚੀਫ ਵਿਜੀਲੈਂਸ ਕਮਿਸ਼ਨਰ ਕੇ ਵੀ ਚੌਧਰੀ ਨੂੰ ਅਹੁਦੇ ਤੋਂ ਹਟਾਉਣ ਅਤੇ ਉਹਨਾਂ ਉੱਤੇ ਐਸ ਸੀ /ਐਸ ਟੀ ਕਾਨੂੰਨ ਹੇਠ ਕੇਸ ਚਲਾਉਣ ਦੀ ਮੰਗ ਨਾਲ ਪ੍ਰਧਾਨ ਮੰਤਰੀ ਦਫਤਰ ਤੇ ਪਰਸੋਨਲ ਵਿਭਾਗ ਨੂੰ ਨੋਟਿਸ ਭੇਜੇ ਗਏ ਹਨ। ਉਨ੍ਹਾਂ ਨੇ ਸ਼ਿਕਾਇਤ ਵਿਚ ਕਿਹਾ ਕਿ ਦੋਸ਼ੀ ਅਧਿਕਾਰੀ ਸੀ ਬੀ ਆਈ, ਈ ਡੀ ਅਤੇ ਆਮਦਨ ਟੈਕਸ ਵਿਭਾਗ ਆਦਿ ਏਜੰਸੀਆਂ ਦੇ ਰਾਹੀਂ ਉਹਨਾਂ ਵਿਰੁੱਧ ਫਰਜ਼ੀ ਕੇਸ ਬਣਾ ਕੇ ਸਿਰਫ ਉਹਨਾਂ ਨੂੰ ਨਹੀਂ, ਉਹਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਧਮਕਾ ਸਕਦੇ ਹਨ। ਇਸ ਸਮੇਂ ਜਗਮੋਹਨ ਸਿੰਘ ਰਾਜੂ ਤਾਮਿਲ ਨਾਡੂ ਦੇ ਜ਼ਮੀਨੀ ਸੁਧਾਰ ਕਮਿਸ਼ਨਰ ਦੇ ਅਹੁਦੇ ਉਤੇ ਕੰਮ ਕਰ ਰਹੇ ਹਨ। ਉਹਨਾਂ ਨੇ ਹਰ ਤਰ੍ਹਾਂ ਦੀ ਧਮਕੀ ਅਤੇ ਜਾਨ ਨੂੰ ਖਤਰੇ ਵਿਰੁੱਧ ਸੁਰੱਖਿਆ ਦੀ ਮੰਗ ਕੀਤੀ ਹੈ। ਉਹਨਾਂ ਦਾ ਕਹਿਣਾ ਹੈ ਕਿ ਉਹਨਾਂ ਵਿਰੁੱਧ ਗੁਪਤ ਸ਼ਿਕਾਇਤਾਂ ਵੀ ਦਰਜ ਕਰਾਈਆਂ ਗਈਆਂ ਹਨ।

# ਦਿੱਲੀ ਦੇ ਮੰਤਰੀ ਕੈਲਾਸ਼ ਗਹਿਲੋਤ ਦੇ ਭਰਾ ਦਾ ਫਲੈਟ ਅਤੇ ਜ਼ਮੀਨ ਜ਼ਬਤ



ਮੰਤਰੀ ਕੈਲਾਸ਼ ਗਹਿਲੋਤ

ਨਵੀਂ ਦਿੱਲੀ, 8 ਮਈ (ਪੋਸਟ ਬਿਊਰੋ)- ਈ ਡੀ (ਇਨਫੋਰਸਮੈਂਟ ਡਾਇਰੈਕਟੋਰੇਟ) ਨੇ ਫੇਮਾ ਅਤੇ ਹਵਾਲਾ ਨਾਲ ਜੁੜੇ ਕੇਸਾਂ ਬਾਰੇ ਦਿੱਲੀ ਦੇ ਇੱਕ ਮੰਤਰੀ ਕੈਲਾਸ਼ ਗਹਿਲੋਤ ਦੇ ਭਰਾ ਹਰੀਸ਼ ਗਹਿਲੋਤ ਦੇ ਦਿੱਲੀ ਵਿਚਲੇ ਫਲੈਟ ਅਤੇ ਹਰਿਆਣਾ ਵਿਖੇ ਇੱਕ ਕਰੋੜ 48 ਲੱਖ ਰੁਪਏ ਦੀ ਮਾਲਕੀ ਵਾਲੀ ਜ਼ਮੀਨ ਨੂੰ ਜ਼ਬਤ ਕਰ ਲਿਆ ਹੈ।

ਇਸ ਸੰਬੰਧ ਵਿੱਚ ਈ ਡੀ ਨੇ ਕੱਲ੍ਹ ਇਥੇ ਦੱਸਿਆ ਕਿ ਉਸ ਨੇ ਵਿਦੇਸ਼ ਵਿਖੇ ਗੈਰ ਕਾਨੂੰਨੀ ਜਾਇਦਾਦ ਦੇ ਕੇਸ 'ਚ ਫਲੈਟ ਤੇ ਉਕਤ ਜ਼ਮੀਨ ਨੂੰ ਜ਼ਬਤ ਕਰਨ ਦੀ ਫੇਮਾ ਦੀ ਧਾਰਾ 37-ਏ ਦਾ ਹੁਕਮ ਹਾਸਲ ਕੀਤਾ। ਈ ਡੀ ਦੇ ਇੱਕ ਬਿਆਨ ਮੁਤਾਬਕ ਆਮਦਨ ਟੈਕਸ ਵਿਭਾਗ ਤੋਂ ਮਿਲੀ ਸੂਚਨਾ ਦੇ ਆਧਾਰ 'ਤੇ ਫੇਮਾ ਅਧੀਨ ਜਾਂਚ ਸ਼ੁਰੂ ਕੀਤੀ ਗਈ ਸੀ ਕਿ ਹਰੀਸ਼ ਗਹਿਲੋਤ ਵੱਲੋਂ ਪਿਛਲੇ ਸਾਲ ਸਤੰਬਰ ਵਿੱਚ ਦੁਬਈ ਵਿਖੇ ਦੋ ਫਲੈਟਾਂ ਦੀ ਖਰੀਦ ਦਾ ਪੇਸ਼ਗੀ ਭੁਗਤਾਨ ਕਰਨ ਲਈ ਦਿੱਲੀ ਦੇ ਇੱਕ ਹਵਾਲਾ ਡੀਲਰ ਰਾਹੀਂ ਇੱਕ ਕਰੋੜ ਰੁਪਏ ਘਰ ਤੋਂ ਦੁਬਈ ਭੇਜੇ ਸਨ। ਦਿੱਲੀ ਦੇ ਟਰਾਂਸਪੋਰਟ ਮੰਤਰੀ ਕੈਲਾਸ਼ ਗਹਿਲੋਤ ਦੇ ਪਰਵਾਰ ਅਤੇ ਸਹਿਯੋਗੀਆਂ ਨਾਲ ਜੁੜੇ ਕੰਪਲੈਕਸਾਂ 'ਤੇ ਆਮਦਨ ਕਰ ਵਿਭਾਗ ਨੇ ਪਿਛਲੇ ਸਾਲ ਅਕਤੂਬਰ ਵਿੱਚ ਛਾਪੇ ਮਾਰੇ ਸਨ। ਉਨ੍ਹਾਂ ਦੇ ਭਰਾ ਹਰੀਸ਼ ਦੀ ਜਾਇਦਾਦ ਦੀ ਵੀ ਜਾਂਚ ਕੀਤੀ ਗਈ ਸੀ।

# ਭਾਰਤੀ ਫੌਜ ਨੂੰ 60 ਕਿਲੋਮੀਟਰ ਦੀ ਸਪੀਡ ਵਾਲੇ 464 ਰੂਸੀ ਟੈਂਕ ਮਿਲਣਗੇ



ਨਵੀਂ ਦਿੱਲੀ, 8 ਮਈ (ਪੋਸਟ ਬਿਊਰੋ)- ਹਥਿਆਰਬੰਦ ਫੌਜਾਂ ਦੇ ਆਧੁਨਿਕੀਕਰਨ ਲਈ ਭਾਰਤੀ ਫੌਜ 'ਚ 464 ਟੀ-90 ਭੀਸ਼ਮ ਟੈਂਕ ਸ਼ਾਮਲ ਕੀਤੇ ਜਾਣਗੇ। ਭਾਰਤ ਸਰਕਾਰ ਨੇ ਇਸ ਬਾਰੇ ਰੂਸ ਨਾਲ 13,448 ਕਰੋੜ ਰੁਪਏ ਦਾ ਰੱਖਿਆ ਸੌਦਾ ਕੀਤਾ ਹੈ। ਇਹ ਸਾਰੇ ਟੈਂਕ ਸਾਲ 2022 ਤੋਂ 2026 ਤੱਕ ਭਾਰਤੀ ਫੌਜ ਨੂੰ ਮਿਲ ਜਾਣਗੇ।

ਰੱਖਿਆ ਹਲਕਿਆਂ ਮੁਤਾਬਕ ਇਸ ਨਵੇਂ ਈ-90 ਟੈਂਕ ਨੂੰ ਆਪ੍ਰਗੇਡ ਕੀਤਾ ਜਾਵੇਗਾ ਤੇ ਭਾਰਤ ਵਿੱਚ ਬਣਾਇਆ ਜਾਵੇਗਾ, ਜਿਸ ਲਈ ਰੂਸ ਤੋਂ ਇਕ ਮਹੀਨਾ ਪਹਿਲਾਂ ਲਾਇਸੰਸ ਦੀ ਮਨਜ਼ੂਰੀ ਮਿਲ ਗਈ ਹੈ। ਇਹ ਟੈਂਕ ਪਾਕਿਸਤਾਨ ਦੇ ਨਾਲ ਲੱਗਦੀਆਂ ਸਰਹੱਦਾਂ 'ਚ ਤਾਇਨਾਤ ਕੀਤੇ ਜਾਣਗੇ। ਇਨ੍ਹਾਂ ਦੇ ਉਤਪਾਦਨ ਲਈ ਮੰਗ ਪੱਤਰ ਛੇਤੀ ਹੀ ਹਾਸਲ ਹੋਣ ਦੀ ਸੰਭਾਵਨਾ ਹੈ। ਦੂਜੇ ਪਾਸੇ ਪਾਕਿਸਤਾਨ ਵੀ ਰੂਸ ਨਾਲ ਅਜਿਹੇ ਤਕਰੀਬਨ 360 ਟੈਂਕਾਂ ਦੇ ਸਮਝੌਤੇ 'ਤੇ ਚਰਚਾ ਕਰ ਰਿਹਾ ਹੈ। ਜਾਣਕਾਰਾਂ ਮੁਤਾਬਕ ਇਨ੍ਹਾਂ ਟੈਂਕਾਂ ਦੀ ਰਾਤ ਨੂੰ ਵੀ ਜੰਗ ਕਰਨ ਦੀ ਸਮਰੱਥਾ ਹੋਵੇਗੀ। ਅਮਲ ਮੁਕੰਮਲ ਹੋਣ ਤੋਂ ਬਾਅਦ ਪਹਿਲੇ 64 ਟੈਂਕਾਂ ਦੀ ਡਲਿਵਰੀ 30-41 ਮਹੀਨਿਆਂ ਵਿੱਚ ਹੋਣ ਦੀ ਸੰਭਾਵਨਾ ਹੈ। ਫੌਜ ਦੇ 67 ਬਖਤਰਬੰਦ ਰੈਜੀਮੈਂਟਾਂ 'ਚ ਪਹਿਲਾਂ ਤੋਂ 1070 ਟੀ-90 ਟੈਂਕ, 124 ਅਰਜੁਨ ਅਤੇ 2400 ਪੁਰਾਣੇ ਟੀ-72 ਟੈਂਕ ਮੌਜੂਦ ਹਨ। ਭਾਰਤੀ ਫੌਜ ਕੋਲ ਰੂਸ ਤੋਂ ਖਰੀਦੇ ਗਏ ਟੀ-72 ਟੈਂਕਾਂ ਤੋਂ ਇਲਾਵਾ ਦੇਸ਼ੀ ਅਰਜਨ ਟੈਂਕ ਹੈ, ਪਰ ਆਪਣੇ ਸੁਰੱਖਿਆ ਘੇਰੇ, ਸਟੀਕ ਨਿਸ਼ਾਨੇ ਤੇ ਆਧੁਨਿਕ ਕੰਟਰੋਲ ਸਿਸਟਮ ਕਾਰਨ ਟੀ-90 ਟੈਂਕ ਸਭ ਤੋਂ ਅੱਗੇ ਹੈ। ਪਾਕਿਸਤਾਨ ਦਾ ਸਾਹਮਣਾ ਕਰਨ ਵਾਲੀ ਭਾਰਤੀ ਫੌਜ ਦੀਆਂ ਦੋਵੇਂ ਸਟ੍ਰਾਈਕ ਕੋਰ ਦੀ ਸੱਤ ਤੋਂ ਜ਼ਿਆਦਾ ਆਰਮਡ ਰੈਜੀਮੈਂਟਸ ਨੂੰ ਪਹਿਲਾਂ ਟੀ-90 ਨਾਲ ਲੈਸ ਕੀਤਾ ਜਾ ਚੁੱਕਾ ਹੈ। ਅੱਗੋਂ ਯੋਜਨਾ ਹੈ ਕਿ ਪਾਕਿਸਤਾਨ ਦਾ ਸਾਹਮਣਾ ਕਰਨ ਵਾਲੀ 20 ਤੋਂ ਵੱਧ ਆਰਮਡ ਰੈਜੀਮੈਂਟਸ ਨੂੰ ਟੀ-90 ਨਾਲ ਲੈਸ ਕੀਤਾ ਜਾਵੇਗਾ। ਭਾਰਤੀ ਫੌਜ ਮੈਦਾਨੀ ਲੜਾਈ ਦੌਰਾਨ ਰਫਤਾਰ ਅਤੇ ਗੋਲੀਬਾਰੀ ਦੀ ਸਮਰੱਥਾ ਨੂੰ ਵਧਾਉਣਾ ਚਾਹੁੰਦੀ ਹੈ ਤਾਂ ਕਿ ਬਹੁਤ ਘੱਟ ਸਮੇਂ 'ਚ ਦੁਸ਼ਮਣ ਦੇ ਇਲਾਕਿਆਂ 'ਤੇ ਤੇਜ਼ੀ ਨਾਲ ਵੜਿਆ ਜਾ ਸਕੇ। ਇਸ ਲਈ ਟੀ-90 ਵਰਗੇ ਟੈਂਕ ਬੇਹੱਦ ਕਾਰਗਰ ਹਨ। ਇਕ ਆਰਮਡ ਰੈਜੀਮੈਂਟ 'ਚ 45 ਟੈਂਕ ਹੁੰਦੇ ਹਨ ਅਤੇ ਭਾਰਤੀ ਫੌਜ 'ਚ 65 ਤੋਂ ਵੱਧ ਆਰਮਡ ਰੈਜੀਮੈਂਟਸ ਹਨ। 47 ਟਨ ਵਜ਼ਨੀ ਟੀ-90 ਭੀਸ਼ਮ 'ਚ ਤਿੰਨ ਕੋਰ ਮੈਂਬਰ ਹੁੰਦੇ ਹਨ ਅਤੇ ਇਹ ਹਰ ਤਰ੍ਹਾਂ ਦੇ ਇਲਾਕੇ 'ਚ 60 ਕਿਲੋਮੀਟਰ ਦੀ ਰਫਤਾਰ ਨਾਲ ਦੌੜ ਸਕਦੇ ਹਨ। ਇਸ ਦੀ 125 ਮਿਲੀਮੀਟਰ ਦੀ ਮੁੱਖ ਗਨ ਚਾਰ ਤਰ੍ਹਾਂ ਦੇ ਗੋਲੇ ਅਤੇ ਮਿਜ਼ਾਈਲ ਦਾਗ ਸਕਦਾ ਹੈ। ਇਸ ਨੂੰ ਬੇਹੱਦ ਮਜ਼ਬੂਤ ਘੇਰੇ ਨਾਲ ਸੁਰੱਖਿਅਤ ਬਣਾਇਆ ਗਿਆ ਹੈ।

# ਪ੍ਰਿਅੰਕਾ ਗਾਂਧੀ ਨੇ ਨਰਿੰਦਰ ਮੋਦੀ ਦੀ ਤੁਲਨਾ ਦੁਰਯੋਜਨ ਨਾਲ ਕਰ ਦਿੱਤੀ

ਅੰਬਾਲਾ, 8 ਮਈ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੱਤੇ ਇੱਕ ਹੋਰ ਹਮਲਾ ਕਰਦਿਆਂ ਕਾਂਗਰਸ ਆਗੂ ਪ੍ਰਿਅੰਕਾ ਗਾਂਧੀ ਨੇ ਕਿਹਾ ਕਿ ਮਹਾਭਾਰਤ ਦੇ ਪਾਤਰ ਦੁਰਯੋਧਨ ਵਿੱਚ ਵੀ ਬਹੁਤ ਹੰਕਾਰ ਸੀ। ਕੱਲ੍ਹ ਇਥੇ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਿਅੰਕਾ ਗਾਂਧੀ ਨੇ ਆਪਣੇ ਪਿਤਾ ਅਤੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਭ੍ਰਿਸ਼ਟਾਚਾਰੀ ਨੰਬਰ ਵੰਨ ਦੱਸਣ ਬਦਲੇ ਮੋਦੀ ਦੀ ਆਲੋਚਨਾ ਕੀਤੀ। ਉਨ੍ਹਾਂ ਮੋਦੀ ਨੂੰ ਚੁਣੌਤੀ ਦਿੱਤੀ ਕਿ ਲੋਕਾਂ ਦਾ ਧਿਆਨ ਲਾਂਭੇ ਕਰਨ ਦੀ ਥਾਂ ਉਹ ਵਿਕਾਸ ਜਿਹੇ ਮੁੱਦਿਆਂ ਉੱਤੇ ਲੋਕ ਸਭਾ ਚੋਣ ਲੜਨ। ਕਾਂਗਰਸ ਉਮੀਦਵਾਰ ਕੁਮਾਰੀ ਸ਼ੈਲਜਾ ਦੇ ਹੱਕ ਵਿੱਚ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਿਅੰਕਾ ਨੇ ਕਿਹਾ, ਇਸ ਦੇਸ਼ ਨੇ ਹੰਕਾਰ ਅਤੇ ਹਊਮੈ ਨੂੰ ਕਦੇ ਮਾਫ ਨਹੀਂ ਕੀਤਾ। ਇਤਿਹਾਸ ਗਵਾਹ ਹੈ, ਮਹਾਭਾਰਤ ਗਵਾਹ ਹੈ। ਦੁਰਯੋਧਨ ਵਿੱਚ ਵੀ ਏਦਾਂ ਹੰਕਾਰ ਸੀ। ਜਦ ਭਗਵਾਨ ਕ੍ਰਿਸ਼ਨ ਉਸ ਨੂੰ ਸਮਝਾਉਣ ਲਈ ਗਏ ਸਨ ਤਾਂ ਉਸ ਨੇ ਉਨ੍ਹਾਂ ਨੂੰ ਵੀ ਬੰਦੀ ਬਣਾਉਣ ਦਾ ਯਤਨ ਕੀਤਾ ਸੀ। ਪ੍ਰਿਅੰਕਾ ਨੇ ਹਿੰਦੀ ਕਵੀ ਰਾਮਧਾਰੀ ਸਿੰਘ ਦਿਨਕਰ ਦੀ ਕਵਿਤਾ ਦੀਆਂ ਸਤਰਾਂ ਵੀ ਪੜ੍ਹੀਆਂ: ਜਦ ਨਾਸ਼ ਮਾਨੁਸ਼ ਪਰ ਛਾਤਾ ਹੈ, ਪਹਿਲੇ ਵਿਵੇਕ ਮਰ ਜਾਤਾ ਹੈ। ਉਨ੍ਹਾਂ ਕਿਹਾ ਕਿ ਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿੱਚ ਕੁਝ ਸਾਹਸ ਹੈ ਤਾਂ ਉਨ੍ਹਾਂ ਨੂੰ ਵਿਕਾਸ, ਰੁਜ਼ਗਾਰ, ਕਿਸਾਨਾਂ ਤੇ ਔਰਤਾਂ ਨਾਲ ਜੁੜੇ ਮੁੱਦਿਆਂ 'ਤੇ ਲੋਕ ਸਭਾ ਚੋਣ ਲੜਨੀ ਚਾਹੀਦੀ ਹੈ।

# ਗੂਗਲ ਵੱਲੋਂ ਦੋ ਨਵੇਂ ਸਮਾਰਟ ਫੋਨ ਤੇ ਕਈ ਹੋਰ ਅਪਡੇਟਸ ਲਾਂਚ

ਨਵੀਂ ਦਿੱਲੀ, 8 ਮਈ (ਪੋਸਟ ਬਿਊਰੋ)- ਗੂਗਲ ਦਾ ਇਕ ਵੱਡਾ ਇਵੈਂਟ ਗੂਗਲ ਆਈ/ ਓ ਅਮਰੀਕਾ ਵਿੱਚ ਚੱਲ ਰਿਹਾ ਹੈ। ਗੂਗਲ ਨੇ ਗੂਗਲ ਪਿਕਸਲ 3ਏ ਅਤੇ 3 ਏ ਐਕਸ ਐਲ ਸਮਾਰਟ ਫੋਨ ਵੀ ਲਾਂਚ ਕਰ ਦਿੱਤੇ ਹਨ। ਗੂਗਲ ਪਿਕਸਲ 3ਏ ਸਮਾਰਟ ਫੋਨ ਨੂੰ ਚਾਰ ਜੀ ਬੀ ਰੈਮ ਪਲਸ 64 ਜੀ ਬੀ ਇੰਟਰਨਲ ਸਟੋਰੇਜ ਦਿੱਤੀ ਗਈ ਅਤੇ ਨਾਲ ਹੀ 3ਏ ਐਕਸ ਐਲ ਸਮਾਰਟ ਫੋਨ ਨੂੰ ਚਾਰ ਜੀ ਬੀ ਰੈਮ ਪਲਸ 64 ਜੀ ਬੀ ਇੰਟਰਨਲ ਸਟੋਰੇਜ ਵੇਰੀਏਟ ਦਿੱਤੀ ਗਈ ਹੈ।

ਇਸ ਸੰਬੰਧ ਵਿੱਚ ਗੂਗਲ ਨੇ ਇਹ ਐਲਾਨ ਕੀਤਾ ਹੈ ਕਿ ਇਨ੍ਹਾਂ ਦੋਵਾਂ ਸਮਾਰਟ ਫੋਨਸ ਦੇ 128 ਜੀ ਬੀ ਵੇਰੀਏਟ ਨੂੰ ਭਾਰਤ ਵਿੱਚ ਲਾਂਚ ਨਹੀਂ ਕੀਤਾ ਜਾਵੇਗਾ। ਇਨ੍ਹਾਂ ਦੋਵਾਂ ਦੀ ਰਜਿਸਟਰੇਸ਼ਨ ਅੱਠ ਮਈ ਤੋਂ ਸ਼ੁਰੂ ਹੋ ਗਈ ਹੈ। ਇਸ ਨਾਲ ਗੂਗਲ ਨੇ ਨੈਸਟ ਹਬ ਮੈਕਸ ਵੀ ਲਾਂਚ ਕੀਤਾ ਹੈ, ਜਿਸ ਨੂੰ ਦੋ ਵੈਰੀਏਟ ਵਿੱਚ ਪੇਸ਼ ਕੀਤਾ ਗਿਆ ਹੈ। ਇਸ ਵਿੱਚ ਫੇਸ ਮਾਸਕ ਫੀਚਰ ਦਿੱਤਾ ਗਿਆ ਹੈ। ਇਹ ਤੁਹਾਡੇ ਚਿਹਰੇ ਨੂੰ ਪੜ੍ਹ ਸਕਦਾ ਹੈ।

# ਸਾਬਕਾ ਮੰਤਰੀ ਪਵਨ ਬਾਂਸਲ ਦੇ ਭਤੀਜੇ ਕੋਲੋਂ ਫੜੀ 'ਰਿਸ਼ਵਤ' ਦੀ ਰਾਸ਼ੀ ਜ਼ਬਤ

ਨਵੀਂ ਦਿੱਲੀ, 8 ਮਈ (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਚੰਡੀਗੜ੍ਹ ਤੋਂ ਕਾਂਗਰਸ ਦੇ ਲੋਕ ਸਭਾ ਉਮੀਦਵਾਰ ਤੇ ਸਾਬਕਾ ਰੇਲ ਮੰਤਰੀ ਪਵਨ ਕੁਮਾਰ ਬਾਂਸਲ ਦੇ ਭਤੀਜੇ ਦੀ ਭਾਈਵਾਲੀ ਵਾਲੇ ਇਕ ਮਨੀ ਲਾਂਡਰਿੰਗ ਕੇਸ ਵਿੱਚ 89.68 ਲੱਖ ਰੁਪਏ ਦੀ ਨਗਦੀ ਜ਼ਬਤ ਕਰ ਕੇ ਇਸ ਨੂੰ 'ਰਿਸ਼ਵਤ ਦਾ ਪੈਸਾ' ਦੱਸਿਆ ਹੈ।

ਇਹ ਮਾਮਲਾ 2013 ਦਾ ਹੈ, ਜਦ ਸੀ ਬੀ ਆਈ ਨੇ ਉਸ ਵਕਤ ਦੇ ਰੇਲ ਮੰਤਰੀ ਪਵਨ ਕੁਮਾਰ ਬਾਂਸਲ ਦੇ ਭਤੀਜੇ ਵਿਜੇ ਸਿੰਗਲਾ ਕੋਲੋਂ ਉਸ ਦੇ ਦਫਤਰ 'ਚੋਂ ਇਹ ਪੈਸਾ ਫੜਿਆ ਸੀ। ਏਜੰਸੀ ਨੂੰ ਸ਼ੱਕ ਇਹ ਸੀ ਕਿ ਇਹ ਰਾਸ਼ੀ ਰੇਲਵੇ ਵਿੱਚ ਸਿਖਰਲੀਆਂ ਅਸਾਮੀਆਂ ਉੱਤੇ ਨਿਯੁਕਤੀਆਂ ਦੇ ਬਦਲੇ ਲਈ ਗਈ ਸੀ ਅਤੇ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਗਿਆ ਸੀ। ਇਸ ਤੋਂ ਬਾਅਦ ਸੀ ਬੀ ਆਈ ਦੇ ਇਸ ਕੇਸ ਉੱਤੇ ਈ ਡੀ ਨੇ ਵੱਖਰਾ ਕੇਸ ਦਰਜ ਕੀਤਾ ਸੀ ਤੇ ਦੋਸ਼ ਪੱਤਰ 'ਚ ਰੇਲਵੇ ਬੋਰਡ ਦੇ ਮੈਂਬਰ (ਸਟਾਫ) ਮਹੇਸ਼ ਕੁਮਾਰ, ਵਿਜੇ ਸਿੰਗਲਾ, ਸੰਦੀਪ ਗੋਇਲ ਤੇ ਸੱਤ ਹੋਰਾਂ ਦਾ ਨਾਂ ਸ਼ਾਮਲ ਕੀਤਾ ਗਿਆ ਸੀ। ਈ ਡੀ ਨੇ ਕਿਹਾ ਕਿ ਸੀ ਬੀ ਆਈ ਦੀ ਜਾਂਚ ਵਿੱਚ ਪਤਾ ਲੱਗਾ ਕਿ ਭਾਰਤੀ ਰੇਲ ਸੇਵਾ ਦਾ ਅਧਿਕਾਰੀ ਮਹੇਸ਼ ਕੁਮਾਰ, ਜੋ ਪੱਛਮੀ ਰੇਲਵੇ ਦਾ ਜਨਰਲ ਮੈਂਬਰ ਸੀ, ਮੈਂਬਰ (ਸਟਾਫ) ਦੀ ਥਾਂ ਰੇਲ ਬੋਰਡ ਵਿੱਚ ਮੈਂਬਰ (ਇਲੈਕਟ੍ਰੀਕਲ) ਬਣਨਾ ਚਾਹੁੰਦਾ ਸੀ। ਇਸ ਲਈ ਉਹ ਐਨ. ਮੰਜੂਨਾਥ ਦੇ ਸੰਪਰਕ ਵਿੱਚ ਸੀ ਜੋ ਅਗਾਂਹ ਸੰਦੀਪ ਗੋਇਲ ਦੇ ਸੰਪਰਕ ਵਿੱਚ ਸੀ, ਜਿਹੜਾ ਸਿੰਗਲਾ ਦਾ ਮਿੱਤਰ ਸੀ। ਈ ਡੀ ਮੁਤਾਬਕ ਸਿੰਗਲਾ ਨੇ ਗੋਇਲ ਰਾਹੀਂ ਇਸ ਨਿਯੁਕਤੀ ਲਈ ਦਸ ਕਰੋੜ ਰੁਪਏ ਮੰਗੇ ਸਨ। ਜਦ ਸਿੰਗਲਾ ਅਤੇ ਗੋਇਲ ਨੂੰ ਚੰਡੀਗੜ੍ਹ ਦੇ ਸੈਕਟਰ 28 ਸਥਿਤ ਉਨ੍ਹਾਂ ਦੇ ਦਫਤਰ 'ਚ ਟੋਕਨ ਰਾਸ਼ੀ ਦਿੱਤੀ ਜਾ ਰਹੀ ਸੀ, ਉਸ ਵਕਤ ਸੀ ਬੀ ਆਈ ਨੇ ਛਾਪਾ ਮਾਰ ਦਿੱਤਾ ਸੀ।

## ਹਾਈ ਕੋਰਟ ਨੇ ਕਿਹਾ:

# ਪਿਆਰ, ਸਨੇਹ ਤੇ ਤਾਲਮੇਲ ਹੁੰਦੈ ਵਿਆਹ ਦਾ ਮੁੱਢਲਾ ਆਧਾਰ

ਨਵੀਂ ਦਿੱਲੀ, 8 ਮਈ (ਪੋਸਟ ਬਿਊਰੋ)- 'ਬਿਹਤਰ ਵਿਆਹ ਦਾ ਮੁੱਢਲਾ ਆਧਾਰ ਪਿਆਰ, ਸਨੇਹ, ਤਾਲਮੇਲ ਅਤੇ ਇਕ ਦੂਜੇ ਲਈ ਸਨਮਾਨ ਹੈ। ਛੋਟੀਆਂ ਗੱਲਾਂ 'ਤੇ ਝਗੜਾ ਜਾਂ ਅਸਹਿਮਤੀ ਹਰ ਵਿਆਹੁਤਾ ਦੇ ਜੀਵਨ ਦਾ ਹਿੱਸਾ ਹੁੰਦਾ ਹੈ, ਪਰ ਜੇ ਔਰਤ ਨਾਲ ਉਸ ਦਾ ਪਤੀ ਲਗਾਤਾਰ ਗਲਤ ਵਿਹਾਰ ਕਰੇ ਤਾਂ ਇਹ ਮਰੇ ਰਿਸ਼ਤੇ ਵਰਗਾ ਹੈ। ਇਸ ਆਧਾਰ 'ਤੇ ਪੀੜਤ ਧਿਰ ਇਸ ਵਿਆਹ ਨੂੰ ਭੰਗ ਕਰਨ ਦੀ ਮੰਗ ਕਰ ਸਕਦੀ ਹੈ। ਅਦਾਲਤ ਨੇ ਕਿਹਾ ਕਿ ਮੌਜੂਦਾ ਕੇਸ ਵਿੱਚ ਦੋਵੇਂ ਧਿਰਾਂ ਦੀ ਦਲੀਲ ਸੁਣ ਕੇ ਅਜਿਹਾ ਲੱਗਦਾ ਹੈ ਕਿ ਉਨ੍ਹਾਂ ਨੇ ਵਿਆਹ ਦੇ ਆਨੰਦ ਨੂੰ ਨਹੀਂ ਲਿਆ।

ਤਲਾਕ ਦੀ ਮੰਗ ਕਰਦੇ ਹੋਏ ਦਾਇਰ ਕੀਤੀ ਗਈ ਇੱਕ ਚੁਣੌਤੀ ਪਟੀਸ਼ਨ 'ਤੇ ਦਿੱਲੀ ਹਾਈ ਕੋਰਟ ਨੇ ਇਸ ਤਰ੍ਹਾਂ ਦੀ ਟਿੱਪਣੀ ਕਰਦੇ ਹੋਏ ਜ਼ੁਲਮ ਦੇ ਆਧਾਰ 'ਤੇ ਫੈਮਿਲੀ ਕੋਰਟ ਦੇ 30 ਅਗਸਤ 2017 ਦੇ ਹੁਕਮ ਰੱਦ ਕਰਦੇ ਹੋਏ ਦੋਵੇਂ ਧਿਰਾਂ ਦੇ ਵਿਆਹ ਨੂੰ ਭੰਗ ਕਰਨ ਦਾ ਫੈਸਲਾ ਸੁਣਾਇਆ ਹੈ। ਮਹਿਲਾ ਦੀ ਪਟੀਸ਼ਨ ਉੱਤੇ ਕੋਰਟ ਨੇ ਕਿਹਾ ਕਿ ਅਸੀਂ ਪਟੀਸ਼ਨ ਕਰਤਾ ਦੇ ਵਕੀਲ ਦੀ ਗੱਲ ਨਾਲ ਸਹਿਮਤ ਹਾਂ ਕਿ ਪਤੀ-ਪਤਨੀ 2012 ਤੋਂ ਵੱਖ-ਵੱਖ ਰਹਿ ਰਹੇ ਹਨ ਤੇ ਦੋਵਾਂ ਵਿਚਾਲੇ ਵਿਆਹ ਦਾ ਰਿਸ਼ਤਾ ਸੁਧਰ ਨਹੀਂ ਸਕਦਾ। ਦੋਵਾਂ ਵਿੱਚ ਆਪਸੀ ਮੱਤਭੇਦ ਖਤਮ ਕਰਨ ਦੇ ਆਸਾਰ ਨਹੀਂ ਦਿੱਸਦੇ। ਅਦਾਲਤ ਨੇ ਫੈਮਿਲੀ ਕੋਰਟ ਰਾਹੀਂ ਤਲਾਕ ਦੀ ਪਟੀਸ਼ਨ ਠੁਕਰਾਉਣ ਦੇ ਉਸ ਆਧਾਰ ਨੂੰ ਸਹੀ ਠਹਿਰਾਇਆ ਕਿ ਤਲਾਕ ਪਾਉਣ ਲਈ ਦੋਵਾਂ ਨੂੰ ਦੋ ਸਾਲ ਤੱਕ ਵੱਖ-ਵੱਖ ਰਹਿਣਾ ਜ਼ਰੂਰੀ ਹੈ, ਪਰ ਬੈਂਚ ਨੇ ਪਰਵਾਰਕ ਕੋਰਟ ਦੇ ਉਸ ਤਰਕ ਨੂੰ ਲਾਂਭੇ ਕਰ ਦਿੱਤਾ ਕਿ ਘਟਨਾਵਾਂ ਦਾ ਇਸ ਮਹਿਲਾ ਨੇ ਜ਼ਿਕਰ ਨਹੀਂ ਕੀਤਾ।

# ਮੈਨੂੰ 50 ਕਰੋੜ ਦੇਵੋ, 72 ਘੰਟੇ ਵਿੱਚ ਮੋਦੀ ਨੂੰ ਮਾਰ ਦੇਵਾਂਗਾ: ਤੇਜ ਬਹਾਦਰ



ਨਵੀਂ ਦਿੱਲੀ, 8 ਮਈ (ਪੋਸਟ ਬਿਊਰੋ)- ਭਾਜਪਾ ਨੇ ਉਸ ਵੀਡੀਓ ਬਾਰੇ ਵਿਰੋਧੀ ਧਿਰ ਦੀ ਚੁੱਪ ਦੀ ਆਲੋਚਨਾ ਕੀਤੀ ਹੈ ਜਿਸ ਵਿੱਚ ਬੀ ਐੱਸ ਐੱਫ ਦਾ ਬਰਖਾਸਤ ਜਵਾਨ ਤੇਜ ਬਹਾਦਰ ਯਾਦਵ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਤਲ ਬਾਰੇ ਬੋਲ ਰਿਹਾ ਹੈ। ਵਾਰਾਣਸੀ ਲੋਕ ਸਭਾ ਸੀਟ ਤੋਂ ਤੇਜਬਹਾਦਰ ਦੀ ਉਮੀਦਵਾਰੀ ਰੱਦ ਕਰ ਦਿੱਤੀ ਗਈ ਸੀ।

ਪੱਤਰਕਾਰ ਸੰਮੇਲਨ ਵਿੱਚ ਭਾਜਪਾ ਨੇ ਵੀਡੀਓ ਚਲਾਈ, ਜਿਸ ਵਿੱਚ ਯਾਦਵ ਮੋਦੀ ਦੇ ਕਤਲ ਬਾਰੇ ਬੋਲ ਰਿਹਾ ਹੈ। ਵੀਡੀਓ ਵਿੱਚ ਤੇਜਬਹਾਦਰ ਯਾਦਵ ਅਤੇ ਉਸ ਦੇ ਸਾਥੀ 50 ਕਰੋੜ ਰੁਪਏ ਮਿਲਣ 'ਤੇ ਨਰਿੰਦਰ ਮੋਦੀ ਨੂੰ 72 ਘੰਟੇ ਦੇ ਅੰਦਰ ਮਾਰਨ ਦੀ ਗੱਲ ਕਹਿ ਰਹੇ ਹਨ। ਨਾਲ ਉਸ ਨੇ ਕਿਹਾ ਕਿ ਉਹ ਹਿਜ਼ਬੁਲ ਮੁਜਾਹਦੀਨ ਅਤੇ ਲਸ਼ਕਰ ਏ ਤੋਇਬਾ ਦੇ ਅੱਤਵਾਦੀਆਂ ਨੂੰ ਜਾਣਦੇ ਹਨ। ਸਮਾਜਵਾਦੀ ਪਾਰਟੀਆਂ ਨੇ ਵਾਰਾਣਸੀ ਲੋਕ ਸਭਾ ਸੀਟ ਤੋਂ ਯਾਦਵ ਨੂੰ ਪ੍ਰਧਾਨ ਮੰਤਰੀ ਮੋਦੀ ਵਿਰੁੱਧ ਉਮੀਦਵਾਰ ਬਣਾਇਆ ਸੀ। ਭਾਜਪਾ ਦੇ ਬੁਲਾਰੇ ਸੰਬਿਤ ਪਾਤਰਾ ਨੇ ਕਿਹਾ, ਇਹ ਗੰਭੀਰ ਮੁੱਦਾ ਪ੍ਰਧਾਨ ਮੰਤਰੀ ਦੀ ਸੁਰੱਖਿਆ ਬਾਰੇ ਹੈ ਅਤੇ ਇਹ ਚੁਣੇ ਹੋਏ ਪ੍ਰਧਾਨ ਮੰਤਰੀ ਦੇ ਕਤਲ ਦੀ ਸਾਜ਼ਿਸ਼ ਹੈ। ਵਿਰੋਧੀ ਧਿਰ ਚੁੱਪ ਕਿਉਂ ਹੈ? ਉਨ੍ਹਾਂ ਸਵਾਲ ਕੀਤਾ ਕਿ ਕੀ ਵਿਰੋਧੀ ਧਿਰ ਤੇਜਬਹਾਦਰ ਦੀਆਂ ਗੱਲਾਂ ਨਾਲ ਸਹਿਮਤ ਹੈ? ਪਾਤਰਾ ਨੇ ਕਿਹਾ ਕਿ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਤੇ ਮਾਇਆਵਤੀ ਵਾਰਾਣਸੀ ਵਿੱਚ ਮੋਦੀ ਵਿਰੁੱਧ ਗਠਜੋੜ ਦੇ ਉਮੀਦਵਾਰ ਵਜੋਂ ਉਸ ਨੂੰ ਪੇਸ਼ ਕਰਨ ਲਈ ਮੁਆਫੀ ਮੰਗਣਗੇ? ਉਨ੍ਹਾਂ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 'ਤੇ ਹਮਲੇ ਵਿਰੁੱਧ ਰੌਲਾ ਪੈਂਦਾ ਰਿਹਾ, ਪਰ ਮੋਦੀ ਨੂੰ ਖਤਰੇ ਬਾਰੇ ਵਿਰੋਧੀ ਧਿਰ ਚੁੱਪ ਹੈ।






# ਜੇਲ੍ਹ ਪਰਤਣ ਤੋਂ ਪਹਿਲਾਂ ਨਵਾਜ਼ ਸ਼ਰੀਫ਼ ਦਾ ਸ਼ਕਤੀ ਪ੍ਰਦਰਸ਼ਨ

ਲਾਹੌਰ, 8 ਮਈ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੀ ਜ਼ਮਾਨਤ ਦੀ ਮਿਆਦ ਮੁੱਕਣ ਪਿੱਛੋਂ ਭ੍ਰਿਸ਼ਟਾਚਾਰ ਦੇ ਕੇਸ ਵਿਚ ਸਜ਼ਾ ਕੱਟਣ ਲਈ ਉਹ ਮੰਗਲਵਾਰ ਨੂੰ ਜੇਲ੍ਹ ਮੁੜ ਗਏ। ਉਨ੍ਹਾਂ ਨੂੰ ਇਲਾਜ ਲਈ ਛੇ ਹਫ਼ਤੇ ਦੀ ਜ਼ਮਾਨਤ ਮਿਲੀ ਸੀ। ਜੇਲ੍ਹ ਮੁੜਨ ਤੋਂ ਪਹਿਲਾਂ 69 ਸਾਲਾ ਸ਼ਰੀਫ਼ ਨੇ ਆਪਣੀ ਪਾਰਟੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐੱਮ ਐੱਲ-ਐੱਨ) ਦੇ ਹਜ਼ਾਰਾਂ ਸਮੱਰਥਕਾਂ ਨਾਲ ਵੱਡਾ



ਜਲੂਸ ਕੱਢਿਆ। ਇਹ ਜਲੂਸ ਲਾਹੌਰ ਦੇ ਉਨ੍ਹਾਂ ਦੇ ਘਰ ਜਾਤੀ ਉਮਰਾ ਤੋਂ ਕੋਟ ਲੱਖਪਤ ਜੇਲ੍ਹ ਤਕ ਗਿਆ। ਅੱਜ ਜਦੋਂ ਇਹ ਜਲੂਸ ਕੱਢਿਆ ਗਿਆ ਤਾਂ ਬੇਟੀ ਮਰੀਅਮ ਅਤੇ ਭਤੀਜੇ ਹਮਜ਼ਾ ਸ਼ਾਹਬਾਜ਼ ਸਮੇਤ ਪੀ ਐੱਮ ਐੱਲ -ਐੱਨ ਦੇ ਕਈ ਵੱਡੇ ਨੇਤਾ ਜੇਲ੍ਹ ਤਕ ਸ਼ਰੀਫ਼ ਦੇ ਨਾਲ ਗਏ। ਸ਼ਰੀਫ਼ ਨੂੰ ਜਲੂਸ ਦੇ ਨਾਲ ਜੇਲ੍ਹ ਤਕ ਪੁੱਜਣ ਵਿਚ ਚਾਰ ਘੰਟੇ ਦਾ ਸਮਾਂ ਲੱਗਾ। ਉਨ੍ਹਾਂ ਦੇ ਘਰ ਤੋਂ ਜੇਲ੍ਹ ਦੀ ਦੂਰੀ ਸਿਰਫ਼ ਅੱਧੇ ਘੰਟੇ ਦੀ ਹੈ। ਪਾਕਿਸਤਾਨ ਸੁਪਰੀਮ ਕੋਰਟ ਨੇ ਪਿਛਲੇ 26 ਮਾਰਚ ਨੂੰ ਨਵਾਜ਼ ਸ਼ਰੀਫ਼ ਨੂੰ ਇਸ ਸ਼ਰਤ ਨਾਲ ਛੇ ਹਫ਼ਤੇ ਦੇ ਲਈ ਜ਼ਮਾਨਤ ਦਿੱਤੀ ਸੀ ਕਿ ਉਹ ਦੇਸ਼ ਤੋਂ ਬਾਹਰ ਨਹੀਂ ਜਾਣਗੇ। ਜ਼ਮਾਨਤ ਵੇਲੇ ਉਨ੍ਹਾਂ ਨੇ ਅਦਾਲਤ ਵਿਚ ਅਰਜ਼ੀ ਦਾਇਰ ਕਰ ਕੇ ਇਲਾਜ ਲਈ ਲੰਡਨ ਜਾਣ ਦੀ ਇਜਾਜ਼ਤ ਮੰਗੀ ਸੀ, ਪ੍ਰੰਤੂ ਸੁਪਰੀਮ ਕੋਰਟ ਨੇ ਉਨ੍ਹਾਂ ਦੀ ਅਰਜ਼ੀ ਰੱਦ ਕਰ ਦਿੱਤੀ ਸੀ। ਪਾਕਿਸਤਾਨ ਦੀ ਇਕ ਭ੍ਰਿਸ਼ਟਾਚਾਰ ਰੋਕੂ ਅਦਾਲਤ ਨੇ ਪਿਛਲੇ ਸਾਲ 24 ਦਸੰਬਰ ਨੂੰ ਅਲ-ਅਜ਼ੀਜ਼ੀਆ ਸਟੀਲ ਮਿਲਜ਼ ਕੇਸ ਵਿਚ ਸ਼ਰੀਫ਼ ਨੂੰ ਸੱਤ ਸਾਲ ਜੇਲ੍ਹ ਦੀ ਸਜ਼ਾ ਦਿੱਤੀ ਸੀ। ਉਹ ਤਦ ਤੋਂ ਜੇਲ੍ਹ ਵਿਚ ਹਨ, ਪ੍ਰੰਤੂ ਸਿਹਤ ਖ਼ਰਾਬ ਹੋਣ ਉੱਤੇ ਉਹ ਜ਼ਮਾਨਤ ਉੱਤੇ ਜੇਲ੍ਹ ਤੋਂ ਬਾਹਰ ਆਏ ਸਨ।

# ਯੂ ਐਨ ਸਕਿਓਰਟੀ ਕੌਂਸਲ ਵਿੱਚ ਭਾਰਤ, ਜਰਮਨੀ, ਬ੍ਰਾਜ਼ੀਲ, ਜਾਪਾਨ ਦੀ ਪੱਕੀ ਮੈਂਬਰੀ ਜ਼ਰੂਰੀ: ਫਰਾਂਸ

ਯੂ ਐਨ, 8 ਮਈ (ਪੋਸਟ ਬਿਊਰੋ)- ਫਰਾਂਸ ਨੇ ਕਿਹਾ ਹੈ ਕਿ ਯੂ ਐਨ ਸਕਿਓਰਟੀ ਕੌਂਸਲ ਵਿੱਚ ਵਾਧਾ ਕਰਕੇ ਭਾਰਤ, ਜਰਮਨੀ, ਬ੍ਰਾਜ਼ੀਲ ਤੇ ਜਾਪਾਨ ਨੂੰ ਪੱਕੀ ਮੈਂਬਰਸ਼ਿਪ ਦਿੱਤੇ ਜਾਣ ਦੀ ਵੱਡੀ ਲੋੜ ਹੈ ਤਾਂ ਜੋ ਮੌਜੂਦਾ ਦੌਰ ਦੀਆਂ ਹਕੀਕਤਾਂ ਬਿਹਤਰ ਢੰਗ ਨਾਲ ਸਾਹਮਣੇ ਆ ਸਕਣ। ਫਰਾਂਸ ਨੇ ਇਹ ਵੀ ਕਿਹਾ ਹੈ ਕਿ ਇਨ੍ਹਾਂ ਦੇਸ਼ਾਂ ਨੂੰ ਸਲਾਮਤੀ ਕੌਂਸਲ ਵਿੱਚ ਪੱਕੇ ਮੈਂਬਰਾਂ ਵਜੋਂ ਸ਼ਾਮਲ ਕਰਵਾਉਣਾ ਫਰਾਂਸ ਦੀ 'ਰਣਨੀਤਕ' ਤਰਜੀਹ ਹੈ। ਯੂ ਐਨ ਲਈ ਫਰਾਂਸ ਦੇ ਰਾਜਦੂਤ ਫਰੈਂਕੁਇਸ ਡਿਲਾਟਰੇ ਨੇ ਪਿਛਲੇ ਹਫਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, 'ਫਰਾਂਸ ਅਤੇ ਜਰਮਨੀ ਦੀ ਮਜ਼ਬੂਤ ਨੀਤੀ ਇਹ ਹੈ ਕਿ ਸੁਰੱਖਿਆ ਕੌਂਸਲ ਦੇ ਵਿਸਥਾਰ ਲਈ ਇਕੱਠੇ ਹੋ ਕੇ ਕੰਮ ਕਰਨਾ ਅਤੇ ਅਜਿਹੀ ਗੱਲਬਾਤ ਦਾ ਸਾਥ ਦੇਣਾ, ਜਿਸ ਨਾਲ ਇਸ ਕੌਂਸਲ ਦਾ ਵਿਸਥਾਰ ਹੋ ਸਕੇ, ਜਿਸ ਨੂੰ ਅਸੀਂ ਬੇਹੱਦ ਜ਼ਰੂਰੀ ਸਮਝਦੇ ਹਾਂ ਤਾਂ ਜੋ ਦੁਨੀਆ ਦੀ ਸਪੱਸ਼ਟ ਤਸਵੀਰ ਪੇਸ਼ ਹੋ ਸਕੇ। ਇਸ ਬਾਰੇ ਕੋਈ ਦੋ ਰਾਇ ਨਹੀਂ ਹੈ।' ਉਨ੍ਹਾਂ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਦੁਨੀਆ ਭਰ ਵਿੱਚ ਆਈਆਂ ਔਕੜਾ ਮੌਕੇ ਯੂ ਐਨ ਦੀ ਕੇਂਦਰਤਾ ਸਾਬਤ ਹੋਈ ਹੈ। ਇਸ ਕਰਕੇ ਦੁਨੀਆ ਦੀਆਂ ਮੌਜੂਦਾ ਸਥਿਤੀਆਂ ਨਾਲ ਬਿਹਤਰ ਢੰਗ ਨਾਲ ਨਜਿੱਠਣ ਲਈ ਯੂ ਐਨ ਨੂੰ ਵਧੇਰੇ ਦੇਸ਼ਾਂ ਦੀ ਲੋੜ ਹੈ।

# ਡੋਨਾਲਡ ਟਰੰਪ ਨੂੰ ਇਕ ਦਹਾਕੇ ਵਿੱਚ 1.7 ਅਰਬ ਡਾਲਰ ਘਾਟਾ ਪਿਆ

ਵਾਸ਼ਿੰਗਟਨ, 8 ਮਈ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ 1985 ਤੋਂ 1994 ਵਿਚਾਲੇ ਕਾਰੋਬਾਰ ਵਿੱਚ 1.7 ਅਰਬ ਡਾਲਰ ਦਾ ਨੁਕਸਾਨ ਹੋਇਆ ਸੀ।

ਇਸ ਸੰਬੰਧ ਵਿੱਚ ਟਰੰਪ ਦੀਆਂ ਟੈਕਸ ਨਾਲ ਜੁੜੀਆਂ ਜਾਣਕਾਰੀਆਂ ਤਕ ਪਹੁੰਚ ਹੋਣ ਪਿੱਛੋਂ ਅਮਰੀਕੀ ਅਖ਼ਬਾਰ ਨਿਊਯਾਰਕ ਟਾਈਮਜ਼ ਨੇ ਇਹ ਦਾਅਵਾ ਕੀਤਾ ਹੈ। ਇੰਟਰਨਲ ਰੈਵੇਨਿਊ ਸਰਵਿਸ (ਆਈ ਆਰ ਐੱਸ) ਕੋਲ ਜਮ੍ਹਾਂ ਟਰੰਪ ਦੇ ਟੈਕਸ ਰਿਟਰਨ ਦੇ ਦਸਤਾਵੇਜ਼ਾਂ ਦੇ ਹਵਾਲੇ ਨਾਲ ਅਖ਼ਬਾਰ ਨੇ ਲਿਖਿਆ ਹੈ ਕਿ 10 ਸਾਲ ਵਿਚ ਟਰੰਪ ਨੂੰ ਕਿਸੇ ਵੀ ਹੋਰ ਅਮਰੀਕੀ ਤੋਂ ਵੱਧ ਘਾਟਾ ਸਹਿਣਾ ਪਿਆ। ਲਗਾਤਾਰ ਹੋ ਰਹੇ ਨੁਕਸਾਨ ਕਾਰਨ ਟਰੰਪ ਨੇ 10 ਵਿਚੋਂ ਅੱਠ ਸਾਲ ਟੈਕਸ ਵੀ ਨਹੀਂ ਭਰਿਆ। ਇਸ ਰਿਪੋਰਟ ਅਨੁਸਾਰ



1985 ਵਿਚ ਟਰੰਪ ਨੂੰ ਉਨ੍ਹਾਂ ਦੇ ਮੁੱਖ ਬਿਜ਼ਨਸ ਜਿਵੇਂ ਕੈਸੀਨੋ, ਹੋਟਲ ਆਦਿ ਦਾ 4.61 ਕਰੋੜ ਡਾਲਰ ਘਾਟਾ ਪਿਆ। ਇਹ ਨੁਕਸਾਨ ਅਗਲੇ 10 ਸਾਲ ਵੀ ਜਾਰੀ ਰਿਹਾ। 1994 ਤਕ ਉਨ੍ਹਾਂ ਨੂੰ ਵੱਡਾ ਘਾਟਾ ਪੈ ਚੁੱਕਾ ਸੀ। ਫੋਰਬਸ ਮੈਗਜ਼ੀਨ ਦੇ ਅਨੁਸਾਰ ਮਾਰਚ 2019 ਵਿਚ ਟਰੰਪ 3.1 ਅਰਬ ਡਾਲਰ ਦੀ ਜਾਇਦਾਦ ਦੇ ਮਾਲਕ ਸਨ। ਇਹ ਰਿਪੋਰਟ ਓਦੋਂ ਆਈ ਹੈ, ਜਦੋਂ ਵਿਰੋਧੀ ਡੈਮੋਕ੍ਰੇਟਿਕ ਪਾਰਟੀ ਟਰੰਪ ਉਤੇ ਬੀਤੇ ਛੇ ਸਾਲ ਦੇ ਟੈਕਸ ਰਿਟਰਨ ਦੀ ਜਾਣਕਾਰੀ ਦੇਣ ਦਾ ਦਬਾਅ ਬਣਾ ਰਹੀ ਹੈ। ਵਿੱਤ ਮੰਤਰੀ ਸਟੀਵਨ ਮਨੂਚਿਨ ਨੇ ਇਹ ਮੰਗ ਰੱਦ ਕਰ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਟਰੰਪ ਨੂੰ ਟੈਕਸ ਰਿਟਰਨ ਦੀ ਸੂਚਨਾ ਦੇਣ ਨੂੰ ਮਜਬੂਰ ਕਰਨ ਨਾਲ ਸੰਵਿਧਾਨ ਬਾਰੇ ਕਈ ਸਵਾਲ ਖੜ੍ਹੇ ਹੋ ਗਏ ਹਨ। ਇਸ ਨਾਲ ਟੈਕਸ ਦਾਤਾਵਾਂ ਦੀ ਨਿੱਜਤਾ ਉੱਤੇ ਖ਼ਤਰਾ ਹੈ। ਸਾਲ 1970 ਪਿੱਛੋਂ ਦੇਸ਼ ਦੇ ਸਾਰੇ ਰਾਸ਼ਟਰਪਤੀ ਆਪਣੇ ਟੈਕਸ ਰਿਟਰਨ ਦਾ ਵੇਰਵਾ ਦਿੰਦੇ ਆਏ ਹਨ, ਪ੍ਰੰਤੂ ਅਜਿਹਾ ਕੋਈ ਕਾਨੂੰਨ ਨਹੀਂ ਕਿ ਰਾਸ਼ਟਰਪਤੀ ਨੂੰ ਇਸ ਲਈ ਮਜਬੂਰ ਕੀਤਾ ਜਾ ਸਕੇ। ਟਰੰਪ ਆਪਣੀ ਚੋਣ ਮੁਹਿੰਮ ਦੌਰਾਨ ਹੀ ਆਪਣੀ ਵਿੱਤੀ ਜਾਣਕਾਰੀ ਨਾ ਦੇਣ ਦਾ ਸੰਕੇਤ ਦੇ ਚੁੱਕੇ ਸਨ। ਇਸ ਬਾਰੇ ਡੈਮੋਕ੍ਰੇਟਿਕ ਪਾਰਟੀ ਅਤੇ ਟਰੰਪ ਵਿਚਾਲੇ ਕਾਨੂੰਨੀ ਜੰਗ ਸ਼ੁਰੂ ਹੋ ਸਕਦੀ ਹੈ।

# ਸੜਦੇ ਜਹਾਜ਼ ਤੋਂ ਲੋਕਾਂ ਨੂੰ ਬਚਾਉਣ ਵਾਲੀ ਏਅਰ ਹੋਸਟੇਸ ਲੋਕਾਂ ਲਈ ਰੱਬ ਬਣੀ

ਮਾਸਕੋ, 8 ਮਈ (ਪੋਸਟ ਬਿਊਰੋ)- ਰੂਸ ਦੇ ਜਹਾਜ਼ ਹਾਦਸੇ, ਜਿਸ ਵਿਚ 41 ਯਾਤਰੀਆਂ ਦੀ ਜਿੰਦਾ ਸੜਨ ਨਾਲ ਮੌਤ ਹੋ ਗਈ ਸੀ, ਮਗਰੋਂ ਇਕ ਏਅਰ ਹੋਸਟੇਸ ਦੀ ਹਰ ਪਾਸੇ ਤਾਰੀਫ਼ ਹੋ ਰਹੀ ਹੈ। ਏਅਰ ਹੋਸਟੇਸ ਤਾਤੀਆਨਾ ਕਾਸਤਾਕੀਨਾ ਨੇ ਅਪਣੀ ਸੂਝ ਨਾਲ ਕਈ ਜਾਨਾਂ ਬਚਾ ਲਈਆਂ ਦੱਸੀਆਂ ਜਾ ਰਹੀਆਂ ਹਨ।

ਇੱਕ ਰਿਪੋਰਟ ਮੁਤਾਬਕ ਤਾਤੀਆਨਾ ਕਾਸਤਾਕੀਨਾ ਨੇ ਅੱਗ ਦਾ ਗੋਲਾ ਬਣੇ ਜਹਾਜ਼ ਨੂੰ ਖਾਲੀ ਕਰਾਉਣ ਲਈ ਲੋਕਾਂ ਨੂੰ ਅਪਣੀ ਪੂਰੀ ਤਾਕਤ ਨਾਲ ਬਾਹਰ ਸੁੱਟਣਾ ਸ਼ੁਰੂ ਕਰ ਦਿੱਤਾ ਸੀ। ਇਥੇ ਤੱਕ ਕਿ ਉਨ੍ਹਾਂ ਨੇ ਕਈ ਯਾਤਰੀਆਂ ਨੂੰ ਕਾਲਰ ਤੋਂ ਫੜਨਾ ਅਤੇ ਉਨ੍ਹਾਂ ਨੂੰ ਜਹਾਜ਼ ਤੋਂ ਬਾਹਰ ਸੁੱਟਣਾ ਪਿਆ। ਏਅਰ ਹੋਸਟੇਸ ਨੇ ਦੱਸਿਆ ਕਿ ਕਈ ਲੋਕ ਅੱਗ ਤੋਂ ਬਚਣ ਦੀ ਕੋਸ਼ਿਸ਼ ਕਰ



ਰਹੇ ਸੀ, ਪਰ ਕੁਝ ਲੋਕ ਅਪਣਾ ਸਮਾਨ ਲਿਜਾਣ ਦੀ ਕੋਸ਼ਿਸ਼ ਕਰ ਰਹੇ ਸੀ, ਜਿਸ ਨਾਲ ਰਸਤਾ ਬੰਦ ਹੋ ਰਿਹਾ ਸੀ। ਜਹਾਜ਼ ਖਾਲੀ ਕਰਾਉਣ ਵੇਲੇ ਏਅਰ ਹੋਸਟੇਸ ਨੂੰ ਭੀੜ ਨੂੰ ਅੱਗੇ ਵਧਾਉਣ ਲਈ ਲੋਕਾਂ ਨੂੰ ਧੱਕੇ ਮਾਰ ਕੇ ਜਹਾਜ਼ ਤੋਂ ਬਾਹਰ ਸੁੱਟਣਾ ਪਿਆ। ਜਦੋਂ ਜਹਾਜ਼ ਰੁਕਿਆ, ਇਸ ਨੂੰ ਖਾਲੀ ਕਰਾਉਣ ਦਾ ਕੰਮ ਸ਼ੁਰੂ ਹੋ ਗਿਆ। ਉਸ ਨੂੰ ਯਾਤਰੀ ਕੋਈ ਨਹੀਂ ਦਿੱਸ ਰਿਹਾ ਸੀ, ਪਰ ਉਨ੍ਹਾਂ ਨੂੰ ਦਰਵਾਜੇ ਤੋਂ ਬਾਹਰ ਸੁੱਟੀ ਜਾਂਦੀ ਸੀ ਤਾਂ ਕਿ ਰਾਹ ਬੰਦ ਨਾ ਹੋਵੇ।

ਉਸ ਦਾ ਕਹਿਣਾ ਹੈ ਕਿ ਮੈਂ ਹਰ ਇਕ ਨੂੰ ਕਾਲਰ ਤੋਂ ਫੜ ਕੇ ਬਾਹਰ ਸੁੱਟ ਰਹੀ ਸੀ। ਇਸ ਹਾਦਸੇ ਵਿਚ ਸਟੇਬਰਡ ਮੈਕਿਸਮ ਮੋਈਸੀਵ ਦੀ ਵੀ ਮੌਤ ਹੋ ਗਈ ਸੀ। ਉਹ ਏਅਰਕ੍ਰਾਫ਼ਟ ਦਾ ਰੀਅਰ ਡੋਰ ਖੋਲ੍ਹਣ ਲੱਗੇ ਹੋਏ ਸੀ। ਤਾਤੀਆਨਾ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੇ ਅਪਣੇ ਪੈਰ ਨਾਲ ਐਮਰਜੈਂਸੀ ਦਾ ਦਰਵਾਜਾ ਖੋਲ੍ਹਿਆ ਤਾਂ ਪਿਛੋਂ ਅੱਗ ਦੀ ਆਵਾਜ਼ ਸੁਣੀ। ਉਨ੍ਹਾਂ ਨੇ ਕਿਹਾ, ਸਭ ਕੁਝ ਐਨੀ ਜਲਦੀ ਹੋ ਰਿਹਾ ਸੀ, ਕਾਲਾ ਧੂੰਆਂ ਹਰ ਪਾਸੇ ਫੈਲ ਗਿਆ ਤੇ ਜਹਾਜ਼ ਦੀ ਆਖਰੀ ਕਤਾਰ ਵਿੱਚ ਫਸੇ ਲੋਕ ਬਾਹਰ ਕੱਢਣ ਲਈ ਰੌਲਾ ਪਾ ਰਹੇ ਸੀ। ਹਰ ਕੋਈ ਅਪਣੀ ਸੀਟ ਤੋਂ ਕੁੱਦ ਕੇ ਅੱਗ ਵੱਲ ਦੌੜ ਰਿਹਾ ਸੀ। ਜਹਾਜ਼ ਉਸ ਸਮੇਂ ਵੀ ਕਾਫ਼ੀ ਸਪੀਡ ਨਾਲ ਅੱਗੇ ਵੱਲ ਜਾ ਰਿਹਾ ਸੀ।

ਇਸ ਹਾਦਸੇ ਵਿਚ ਬਚੇ ਲੋਕ ਏਅਰ ਹੋਸਟੇਸ ਦਾ ਧੰਨਵਾਦ ਕਰਦੇ ਹਨ। ਹਾਦਸੇ ਵਿਚ ਬਚ ਜਾਣ ਵਾਲੇ ਦਿਮਿਤਰੀ ਖਲੇਬਨੀਕੋਵ ਨੇ ਕਿਹਾ, ਮੈਂ ਪ੍ਰਮਾਤਮਾ ਅਤੇ ਏਅਰ ਹੋਸਟੇਸ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਬਚਾ ਲਿਆ, ਉਹ ਸਾਡੇ ਨਾਲ ਰਹਿ ਕੇ ਸਾਡੀ ਮਦਦ ਕਰਦੇ ਰਹੇ। ਲੋਕਾਂ ਨੂੰ ਧੂੰਏਂ ਨਾਲ ਭਰੇ ਕੈਬਿਨ ਤੋਂ ਕੱਢਣ ਦੀ ਕੋਸ਼ਿਸ਼ ਕਰਦੇ ਰਹੇ। ਜਹਾਜ਼ ਦੇ ਅੰਦਰ ਬਹੁਤ ਜ਼ਿਆਦਾ ਧੂੰਆਂ ਭਰ ਗਿਆ ਸੀ ਤੇ ਤਾਪਮਾਨ ਬਹੁਤ ਜ਼ਿਆਦਾ ਸੀ। ਇਸ ਵਿੱਚ ਇਕ ਯਾਤਰੀ ਨੂੰ ਲੋਕ ਦੋਸ਼ੀ ਕਹਿ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਆਦਮੀ ਨੇ ਅਪਣੇ ਸਾਮਾਨ ਦੇ ਨਾਲ ਕਾਫ਼ੀ ਦੇਰ ਤੱਕ ਰਸਤਾ ਰੋਕ ਰੱਖਿਆ ਸੀ। ਇਸ ਨਾਲ ਕਈ ਲੋਕ ਅੱਗ ਦੀ ਚਪੇਟ ਵਿਚ ਆ ਗਏ।

# ਨਿਊਜ਼ੀਲੈਂਡ ਮੈਰਾਥਨ ਵਿੱਚ ਪੰਜਾਬੀ ਛਾ ਗਿਆ

ਆਕਲੈਂਡ, 8 ਮਈ (ਪੋਸਟ ਬਿਊਰੋ)- ਸੈਰ ਸਪਾਟੇ ਦੇ ਮੱਕੇ ਵਜੋਂ ਜਾਣੇ ਜਾਂਦੇ ਨਿਊਜ਼ੀਲੈਂਡ ਦੇ ਸ਼ਹਿਰ 'ਰੋਟੋਰੂਆ' ਵਿਖੇ ਬੀਤੀ ਚਾਰ ਮਈ ਨੂੰ 55ਵੀਂ ਮੈਰਾਥਨ ਦੌੜ ਵਜੋਂ 42.19 ਕਿਲੋਮੀਟਰ ਲੰਬੀ ਇਸ ਦੌੜ ਦਾ ਸਫਰ ਉਚਾ ਨੀਵਾਂ ਵੀ ਸੀ, ਜੋ ਦੌੜਨ ਵਾਲਿਆਂ ਦੀ ਤਾਕਤ ਲਈ ਇਕ ਚੈਲੇਂਜ ਸੀ।

ਲਗਭਗ 3237 ਲੋਕਾਂ ਨੇ ਇਸ ਦੌੜ ਲਈ ਆਪਣੇ ਆਪ ਨੂੰ ਰਜਿਸਟਰ ਕੀਤਾ ਹੋਇਆ ਸੀ, ਇਨ੍ਹਾਂ 'ਚੋਂ ਕਈਆਂ ਨੇ ਫੁੱਲ ਮੈਰਾਥਨ (42.19 ਕਿਲੋਮੀਟਰ) ਦੌੜ ਲਾਈ, ਕਿਸੇ ਨੇ ਅੱਧੀ ਮੈਰਾਥਨ, ਕਿਸੇ ਨੇ 10 ਕਿਲੋਮੀਟਰ ਤੇ ਕਿਸੇ ਨੇ ਸਿਰਫ ਪੰਜ ਕਿਲੋਮੀਟਰ ਦੀ ਦੌੜ ਲਾ ਕੇ ਦੇਸ਼ ਦੇ ਲੋਕਾਂ ਨਾਲ ਕਦਮ ਦਰ ਕਦਮ ਮਿਲਾਉਣ ਦੀ ਉਦਾਹਰਣ ਪੇਸ਼ ਕੀਤੀ, ਉਥੇ ਬਹੁ ਕੌਮੀ ਦੇਸ਼ ਹੋਣ ਕਰਕੇ ਆਪਣੀ ਕੌਮ ਦੀ ਹਾਜ਼ਰੀ ਵੀ ਲਗਵਾਈ। ਪੰਜਾਬੀ ਭਾਈਚਾਰੇ ਲਈ ਮਾਣ ਦੀ ਗੱਲ ਹੈ ਕਿ ਇਥੇ ਦੋ ਦਸਤਾਰਧਾਰੀ ਦੌੜਾਕਾਂ ਨੇ ਜਾ ਕੇ ਪੰਜਾਬੀਅਤ ਦਾ ਝੰਡਾ ਬੁਲੰਦ ਕੀਤਾ। ਇਸ ਵਾਰ ਬਲਬੀਰ ਸਿੰਘ ਬਸਰਾ ਨੇ ਅੱਧੀ ਮੈਰਾਥਨ ਦੌੜ ਲਾ ਕੇ ਫਿਰ ਸਾਬਤ ਕੀਤਾ ਕਿ ਉਮਰਾਂ ਦੇ ਨਾਲ ਜਜ਼ਬੇ ਨੂੰ ਘਟਾਇਆ ਵਧਾਇਆ ਨਹੀਂ ਜਾ ਸਕਦਾ, ਉਥੇ ਪਹਿਲੀ ਵਾਰ ਦੌੜੇ ਸੰਨੀ ਸਿੰਘ ਨੇ ਪੂਰੀ ਮੈਰਾਥਨ ਦੌੜ ਲੈ ਕੇ ਅੰਕਲ ਬਲਬੀਰ ਸਿੰਘ ਬਸਰਾ ਨੂੰ ਭਰੋਸਾ ਦਿਵਾ ਦਿੱਤਾ ਕਿ ਉਨ੍ਹਾਂ ਦੀ ਪਾਈ ਪਿਰਤ ਨੂੰ ਜਾਰੀ ਰੱਖਿਆ ਜਾਵੇਗਾ। ਸੰਨੀ ਸਿੰਘ ਪਿਛਲੇ ਕੁਝ ਸਮੇਂ ਤੋਂ ਮੈਰਾਥਨ ਦੌੜਨ ਲਈ ਹਲਕੀ ਤਿਆਰੀ ਕਰ ਰਹੇ ਸਨ, ਪਰ ਪੂਰੀ ਮੈਰਾਥਨ ਦੌੜ ਦਾ ਹੌਸਲਾ ਕਰਨ ਦਾ ਪ੍ਰਣ ਉਨ੍ਹਾਂ ਕੁਝ ਹਫਤੇ ਪਹਿਲਾਂ ਲਿਆ ਸੀ।

# ਚੀਨ ਏਸ਼ੀਆ ਦਾ ਸਭ ਤੋਂ ਵੱਡਾ ਜੰਗੀ ਬੇੜਾ ਬਣਾ ਰਿਹੈ

ਹਾਂਗਕਾਂਗ, 8 ਮਈ (ਪੋਸਟ ਬਿਊਰੋ)- ਸਮੁੰਦਰ ਵਿੱਚ ਆਪਣੀ ਤਾਕਤ ਵਧਾਉਣ ਦੇ ਲਈ ਚੀਨ ਇੱਕ ਦੇ ਬਾਅਦ ਇੱਕ ਜੰਗੀ ਬੇੜੇ ਬਣਾਉਣ ਵਿੱਚ ਲੱਗਾ ਹੋਇਆ ਹੈ। ਸੈਟੇਲਾਈਟ ਤਸਵੀਰਾਂ ਤੋਂ ਪਤਾ ਲੱਗਾ ਹੈ ਕਿ ਚੀਨ ਏਸ਼ੀਆ ਦਾ ਸਭ ਤੋਂ ਵੱਡਾ ਜੰਗੀ ਬੇੜਾ ਵੀ ਬਣਾ ਰਿਹਾ ਹੈ, ਪਰ ਉਸ ਨੇ ਹਾਲਾਂਕਿ ਇਸ ਦੀ ਅਧਿਕਾਰਕ ਪੁਸ਼ਟੀ ਨਹੀਂ ਕੀਤੀ।

ਅਮਰੀਕੀ ਥਿੰਕ ਟੈਂਕ ਸੈਂਟਰ ਫਾਰ ਸਟ੍ਰੈਟਜਿਕ ਐਂਡ ਇੰਟਰਨੈਸ਼ਨਲ ਸਟੱਡੀਜ਼ (ਸੀ ਐਸ ਆਈ ਐਸ) ਵੱਲੋਂ ਪੇਸ਼ ਕੀਤੀਆਂ ਗਈਆਂ ਤਸਵੀਰਾਂ ਤੋਂ ਪਤਾ ਲੱਗਾ ਹੈ ਕਿ ਸ਼ੰਘਾਈ ਨੇੜੇ ਜਿਆਂਗਨ ਸ਼ਿਪਯਾਰਡ ਵਿੱਚ ਬੀਤੇ ਛੇ ਮਹੀਨੇ ਤੋਂ ਇੱਕ ਵਿਸ਼ਾਲ ਬੇੜਾ ਬਣਾਉਣ ਦੀਆਂ ਗਤੀਵਿਧੀਆਂ ਚੱਲ ਰਹੀਆਂ ਹਨ। ਇਹ ਤਸਵੀਰਾਂ ਬੀਤੇ ਅਪ੍ਰੈਲ ਵਿੱਚ ਲਈਆਂ ਗਈਆਂ ਸਨ। ਮਾਹਰਾਂ ਦਾ ਕਹਿਣਾ ਹੈ ਕਿ ਇਹ ਜੰਗੀ ਬੇੜਾ ਇੱਕ ਲੱਖ ਟਨ ਵਜ਼ਨੀ ਅਮਰੀਕੀ ਬੇੜੇ ਤੋਂ ਕੁਝ ਛੋਟਾ, ਪਰ ਫਰਾਂਸ ਦੇ 42500 ਟਨ ਵਜ਼ਨ ਵਾਲੇ ਚਾਰਲਸ ਡੀ ਗਾਲ ਬੇੜੇ ਤੋਂ ਵੱਡਾ ਹੋ ਸਕਦਾ ਹੈ। ਚੀਨ ਦੇ ਮੀਡੀਆ ਨੇ ਇਸ ਤੀਸਰੇ ਜੰਗੀ ਬੇੜੇ ਦਾ ਜ਼ਿਕਰ ਟਾਈਪ 002 ਦੇ ਤੌਰ 'ਤੇ ਕੀਤਾ ਸੀ।

ਸੀ ਐੱਸ ਆਈ ਐੱਸ ਨੇ ਰਿਪੋਰਟ ਵਿੱਚ ਕਿਹਾ, ਟਾਈਪ 002 ਦੇ ਸੰਬੰਧ ਵਿੱਚ ਸੀਮਿਤ ਜਾਣਕਾਰੀ ਹੈ, ਪਰੰਤੂ ਜਿਆਂਗਨ ਵਿੱਚ ਜਿਸ ਤਰ੍ਹਾਂ ਦੀਆਂ ਲਗਾਤਾਰ ਗਤੀਵਿਧੀਆਂ ਦਿਸ ਰਹੀਆਂ ਹਨ, ਉਸ ਤੋਂ ਜ਼ਾਹਿਰ ਹੁੰਦਾ ਹੈ ਕਿ ਚੀਨ ਦੀ ਸਮੁੰਦਰੀ ਫੌਜ ਦਾ ਇਹ ਤੀਸਰਾ ਜੰਗੀ ਬੇੜਾ ਹੋ ਸਕਦਾ ਹੈ। ਇਹ ਭਾਰਤ, ਜਾਪਾਨ ਸਮੇਤ ਕਿਸੇ ਵੀ ਏਸ਼ੀਆਈ ਜੰਗੀ ਬੇੜੇ ਤੋਂ ਵੱਡਾ ਹੋਵੇਗਾ।

Dr. Randhawa Dentistry
Your own dentist who really cares for you
We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment
- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
Dr. Samreet Kaur Randhawa
General Family Dentist
New Patients welcome
Deal Directly with all Insurance Companies
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
Mayfield Rd
Mcvean Dr
Gore Rd
DENTISTRY
Squire Ellis Dr
Countryside Dr

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Honesty, Reliability, Commitment
Hira Randhawa
Broker
HomeLife SilverCity
- 1 yr Home Warranty
- Appliances & Furniture
- 40% Discount on Brand Name
- Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$679,000 — William Prkwy/Chinguacouasy — All Brick Semi-Detached House In The Most Popular Credit Valley Area. No Carpet In-House, Very Clean, No House Behind, Property Is Not To Be Missed. Close To School Plaza, Transit, Go Station And Parks.
$699,000 — Morning Star/Airport — Great Opportunity For 1st Time Buyers. $$$ Upgrades Newly Renovated W/ Granite Counter Top, S/S Appliances, Close To School, 421/401, Westwood Mall, 2 Basement Apartment. One Br & 2 Br Each W/ Separate Entrance. Potential Income $1800/Month From Bsmnt.
$778,900 — Charolais & Chinguacouasy — Renovated Bungalow. 3 Good Size Bedrooms Plus Den And 2 Bedroom Finished Basement With Separate Entrance Equipped With Appliances, New Kitchen + New Bathrooms + New Hardwood Very Close To Hwy, Downtown..
$789,000 — Chinguacousy/Drinkwater — Spacious Detached 4 Bedrm Home Nestled In A Beautiful Neighbourhood. Freshly Painted, Laminate Flooring, No Carpet In The House. Furnace (2016), Most Of The Windows (2016), Master Bedroom W/I Closet And An Ensuite...
Call For:
RESP, SUPER -VISA,& TRAVEL
Insurance
H.Randhawa
416-319-0551

MICHELIN
Hankook
Continental
ROADLUX
BFGoodrich
AEOLUS
COMPASAL
Chevron
Delo
Special OIL CHANGE Rates
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
7 ਦਿਨ ਖੁੱਲਾ
SPECIAL ON TRUCK ALIGNMENT
BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
1715 Sismet Rd, Mississauga | Call Ranjit: 416.624.8351 | Tel: 905.625.0055

## ਛੋਟੀ ਭੈਣ ਘਰੋਂ ਜਾਣ ਕਰ ਕੇ ਪ੍ਰੇਸ਼ਾਨ ਵੱਡੀ ਭੈਣ ਵੱਲੋਂ ਖੁਦਕੁਸ਼ੀ

ਜਲੰਧਰ, 8 ਮਈ (ਪੋਸਟ ਬਿਊਰੋ)- ਸਥਾਨਕ ਪਿੰਡ ਕਾਹਨਪੁਰ ਵਿਖੇ ਇੱਕੋ ਪਰਵਾਰ ਵਿੱਚ ਵਿਆਹੀਆਂ ਦੋ ਭੈਣਾਂ ਵਿੱਚੋਂ ਛੋਟੀ ਭੈਣ ਦੇ ਘਰੋਂ ਚਲੇ ਜਾਣ ਦੇ ਗ਼ਮ ਵਿੱਚ ਵੱਡੀ ਨੇ ਖੁਦਕੁਸ਼ੀ ਕਰ ਲਈ ਹੈ। ਮ੍ਰਿਤਕਾ ਦੀ ਪਛਾਣ ਹਰਦੀਪ ਕੌਰ (23) ਪੁੱਤਰੀ ਜਸਵਿੰਦਰ ਸਿੰਘ ਵਾਸੀ ਕਾਹਨਪੁਰ ਵਜੋਂ ਹੋਈ ਹੈ। ਦੋਵੇਂ ਭੈਣਾਂ ਦੇ ਪਤੀ ਵਿਦੇਸ਼ ਗਏ ਹੋਏ ਹਨ।

ਮਿਲੀ ਜਾਣਕਾਰੀ ਅਨੁਸਾਰ ਛੋਟੀ ਭੈਣ ਕਿਰਨ ਦਾ ਵਿਆਹ ਤਕਰੀਬਨ ਇੱਕ ਸਾਲ ਪਹਿਲਾਂ ਜਸਵੰਤ ਸਿੰਘ ਨਾਲ ਹੋਇਆ ਸੀ। ਉਹ ਤਿੰਨ ਮਈ ਰਾਤ ਨੂੰ ਘਰ ਦੱਸੇ ਬਗੈਰ ਕਿਤੇ ਚਲੀ ਗਈ ਅਤੇ ਵਾਪਸ ਨਹੀਂ ਪਰਤੀ। ਵਿਦੇਸ਼ ਰਹਿ ਰਹੇ ਛੋਟੀ ਭੈਣ ਦੇ ਪਤੀ ਜਸਵੰਤ ਸਿੰਘ ਨੂੰ ਜਦੋਂ ਇਸ ਦਾ ਪਤਾ ਲੱਗਾ ਤਾਂ ਉਹ ਐਮਰਜੈਂਸੀ ਛੁੱਟੀ ਲੈ ਕੇ ਘਰ ਪਰਤਿਆ ਅਤੇ ਆਪਣੀ ਪਤਨੀ ਦੀ ਤਲਾਸ਼ ਕੀਤੀ, ਪਰ ਉਹ ਨਾ ਮਿਲੀ। ਇਸੇ ਸੰਬੰਧ ਵਿੱਚ ਕਿਰਨ ਦੀ ਮਾਂ ਅਤੇ ਭਰਾ ਵੀ ਪੁੱਛਗਿੱਛ ਲਈ ਉਸ ਦੇ ਸਹੁਰੇ ਘਰ ਆਏ ਹੋਏ ਸਨ। ਜਦੋਂ ਸਵੇਰ ਦਾ ਖਾਣਾ ਖਾ ਕੇ ਵਾਪਸ ਚਲੇ ਗਏ ਤਾਂ ਪਿੱਛੋਂ ਉਸ ਦੀ ਵੱਡੀ ਭੈਣ ਨੇ ਨਮੋਸ਼ੀ ਕਾਰਨ ਪੱਖੇ ਨਾਲ ਲਟਕ ਕੇ ਖੁਦਕੁਸ਼ੀ ਕਰ ਲਈ। ਇਸ ਦਾ ਓਦੋਂ ਪਤਾ ਲੱਗਾ ਜਦੋਂ ਉਸ ਦੀ ਸੱਸ ਘਰ ਆਏ ਨੂੰਹ ਦੇ ਭਰਾ ਤੇ ਮਾਂ ਨੂੰ ਤੋਰ ਕੇ ਘਰ ਆਈ। ਜਦੋਂ ਉਸ ਨੇ ਆਪਣੀ ਨੂੰਹ ਹਰਦੀਪ ਕੌਰ ਨੂੰ ਆਵਾਜ਼ਾਂ ਮਾਰੀਆਂ ਤਾਂ ਉਸ ਨੇ ਕੋਈ ਹੁੰਗਾਰਾ ਨਾ ਭਰਿਆ। ਸੱਸ ਨੇ ਉਪਰ ਜਾ ਕੇ ਕਮਰੇ ਦਾ ਦਰਵਾਜ਼ਾ ਖੜਕਾਇਆ ਤਾਂ ਉਸ ਵੱਲੋਂ ਕੋਈ ਜਵਾਬ ਨਾ ਆਇਆ। ਉਸ ਨੇ ਆਸਪਾਸ ਦੇ ਲੋਕਾਂ ਨੂੰ ਇਕੱਠਾ ਕਰ ਕੇ ਕਮਰੇ ਦੀਆਂ ਬਾਰੀਆਂ ਦੇ ਸ਼ੀਸ਼ੇ ਭੰਨ ਕੇ ਦੇਖਿਆ ਤਾਂ ਉਸ ਦੀ ਲਾਸ਼ ਪੱਖੇ ਨਾਲ ਲਟਕ ਰਹੀ ਸੀ। ਏ ਐੱਸ ਆਈ ਬਲਵਿੰਦਰ ਸਿੰਘ ਨੇ ਦੱਸਿਆ ਕਿ ਵਾਪਸ ਆਏ ਹਰਦੀਪ ਕੌਰ ਦੇ ਭਰਾ ਅਤੇ ਮਾਂ ਨੇ ਸਹੁਰਾ ਪਰਵਾਰ 'ਤੇ ਦੋਸ਼ ਲਾਏ ਕਿ ਉਨ੍ਹਾਂ ਨੇ ਹਰਦੀਪ ਕੌਰ ਦੀ ਹੱਤਿਆ ਕੀਤੀ ਹੈ।

# ਗੰਨਾ ਕਿਸਾਨਾਂ ਦਾ ਬਕਾਇਆ ਦੋ ਹਫਤੇ ਵਿੱਚ ਦੇਵੇਗੀ ਸਰਕਾਰ



ਚੰਡੀਗੜ੍ਹ, 8 ਮਈ (ਪੋਸਟ ਬਿਊਰੋ)- ਅੰਮ੍ਰਿਤਸਰ ਦੇ ਨੇੜੇ ਚਾਰ ਮਾਰਚ ਨੂੰ ਰੇਲਵੇ ਟ੍ਰੈਕ ਜਾਮ ਕਰਨ ਦੇ ਬਾਅਦ ਕਿਸਾਨਾਂ ਦੀਆਂ ਮੰਗਾਂ ਬਾਰੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਪਹੁੰਚੇ ਕੇਸ ਵਿੱਚ ਪੰਜਾਬ ਸਰਕਾਰ ਨੇ ਐਫੀਡੇਵਿਟ ਦਾਇਰ ਕਰ ਕੇ ਕਿਹਾ ਹੈ ਕਿ ਪੰਜਾਬ ਸਰਕਾਰ ਦੇ ਸਿਰ 2017-18 ਲਈ ਗੰਨਾ ਕਿਸਾਨਾਂ ਦਾ ਸਿਰਫ 79 ਲੱਖ ਰੁਪਏ ਦਾ ਬਕਾਇਆ ਹੈ, ਇਸ ਨੂੰ ਅਗਲੇ ਦੋ ਹਫਤੇ ਵਿੱਚ ਦੇ ਦਿੱਤਾ ਜਾਏਗਾ।

ਹਾਈ ਕੋਰਟ ਵਿੱਚ ਦਾਇਰ ਕੀਤੇ ਐਫੀਡੇਵਿਟ ਵਿੱਚ ਪੰਜਾਬ ਸਰਕਾਰ ਨੇ ਕਿਹਾ ਹੈ ਕਿ ਪਿਛਲੇ ਸਾਲ ਦੀ ਗੰਨੇ ਦੀ ਕੁੱਲ 2607 ਕਰੋੜ ਦੀ ਖਰੀਦ ਵਿੱਚੋਂ 2508 ਕਰੋੜ ਰੁਪਏ ਦੀ ਰਕਮ ਦੇ ਦਿੱਤੀ ਜਾਵੇਗੀ। ਸਰਕਾਰ ਨੇ ਕਿਹਾ ਕਿ ਇਸ ਸਾਲ ਪੰਜਾਬ ਵਿੱਚ 24 ਅਪ੍ਰੈਲ ਤੱਕ ਸਹਿਕਾਰੀ ਤੇ ਨਿੱਜੀ ਖੰਡ ਮਿੱਲਾਂ ਨੇ 2240 ਕਰੋੜ ਰੁਪਏ ਦੇ ਗੰਨੇ ਦੀ ਖਰੀਦ ਕੀਤੀ ਹੈ, ਜਿਸ ਵਿੱਚੋਂ 1025 ਕਰੋੜ ਰੁਪਏ ਦੀ ਰਕਮ ਅਦਾ ਕਰ ਦਿੱਤੀ ਹੈ। ਜ਼ੀਰਾ ਦੇ ਇੱਕ ਕਿਸਾਨ ਵੱਲੋਂ ਖੁਦਕੁਸ਼ੀ ਦੇ ਮਾਮਲੇ ਵਿੱਚ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਅਤੇ ਉਨ੍ਹਾਂ ਦੇ ਪਿਤਾ ਦੇ ਖਿਲਾਫ ਦਰਜ ਕੇਸ ਬਾਰੇ ਦੋ ਮਹੀਨੇ ਵਿੱਚ ਜਾਂਚ ਪੂਰੀ ਕਰ ਲਈ ਜਾਏਗੀ। ਇਸੇ ਤਰ੍ਹਾਂ ਇਸ ਐਫੀਡੇਵਿਟ ਵਿੱਚ ਸਰਕਾਰ ਨੇ ਕਿਸਾਨਾਂ ਉੱਤੇ ਜ਼ੁਲਮ ਬਾਰੇ ਦਰਜ ਦੋ ਹੋਰ ਕੇਸਾਂ ਵਿੱਚ ਵੀ ਜਾਂਚ ਦੋ ਮਹੀਨੇ ਵਿੱਚ ਪੂਰੀ ਕਰਨ ਦਾ ਭਰੋਸਾ ਦਿੱਤਾ ਹੈ। ਐਫੀਡੇਵਿਟ ਦੇ ਅਨੁਸਾਰ ਕਿਸਾਨਾਂ ਵੱਲੋਂ ਕਰਜ਼ਾ ਨਾ ਮੋੜ ਸਕਣ ਉੱਤੇ ਉਨ੍ਹਾਂ ਦੀ ਗ੍ਰਿਫਤਾਰੀ ਜਾਂ ਜਾਇਦਾਦ ਜ਼ਬਤ ਕਰਨ ਦਾ ਨਿਯਮ ਪੰਜਾਬ ਕੋਆਪਰੇਟਿਵ ਸੁਸਾਇਟੀ ਐਕਟ 1961 ਤੋਂ ਹਟਾ ਦਿੱਤਾ ਗਿਆ ਹੈ ਅਤੇ ਬੈਂਕਾਂ ਵਿੱਚ ਕਰਜ਼ਾ ਨਾ ਮੋੜ ਸਕਣ ਵਾਲੇ ਕਿਸਾਨਾਂ ਦੀ ਫੋਟੋ ਲਾ ਕੇ ਉਨ੍ਹਾਂ ਪ੍ਰੇਸ਼ਾਨ ਕਰਨ ਵਾਲੇ ਪ੍ਰਬੰਧਕਾਂ ਦੇ ਖਿਲਾਫ ਕਾਰਵਾਈ ਕੀਤੀ ਜਾਏਗੀ।

ਸਰਕਾਰ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਕੁਝ ਮੰਗਾਂ 'ਤੇ ਅਜੇ ਫੈਸਲਾ ਨਹੀਂ ਲਿਆ ਜਾ ਸਕਦਾ ਕਿਉਂਕਿ ਲੋਕ ਸਭਾ ਚੋਣਾਂ ਕਾਰਨ ਸੂਬੇ ਵਿੱਚ ਚੋਣ ਜ਼ਾਬਤਾ ਲਾਗੂ ਹੈ। ਇਸ ਜਵਾਬ ਦੇ ਬਾਅਦ ਸੁਣਵਾਈ 28 ਮਈ ਤੱਕ ਮੁਲਤਵੀ ਕਰਦੇ ਹੋਏ ਚੀਫ ਜਸਟਿਸ ਕ੍ਰਿਸ਼ਨ ਮੁਰਾਰੀ ਅਤੇ ਜਸਟਿਸ ਅਰੁਣ ਪੱਲੀ ਦੀ ਅਦਾਲਤ ਨੇ ਪੰਜਾਬ ਸਰਕਾਰ ਦੇ ਹਲਫਨਾਮੇ ਨੂੰ ਕਿਸਾਨ ਯੂਨੀਅਨ ਦੇ ਨੇਤਾਵਾਂ ਨੂੰ ਸੌਂਪਦੇ ਹੋਏ ਇਸ 'ਤੇ ਉਨ੍ਹਾਂ ਦਾ ਜਵਾਬ ਮੰਗਿਆ ਹੈ।

# ਦਸ ਹਜ਼ਾਰ ਰੁਪਏ ਰਿਸ਼ਵਤ ਲੈਂਦਾ ਥਾਣੇਦਾਰ ਕਾਬੂ

ਜਲੰਧਰ, 8 ਮਈ (ਪੋਸਟ ਬਿਊਰੋ)- ਨਸ਼ੀਲੇ ਪਦਾਰਥ ਦਾ ਕੇਸ ਦਰਜ ਕਰਨ ਦੀ ਧਮਕੀ ਦੇ ਕੇ ਮਹਿਲਾ ਤੋਂ ਦਸ ਹਜ਼ਾਰ ਰਿਸ਼ਵਤ ਲੈਂਦੇ ਹੋਏ ਪੁਲਸ ਕਮਿਸ਼ਨਰੇਟ ਦੇ ਐਂਟੀ ਨਾਰਕੋਟਿਕਸ ਸੈੱਲ ਦੇ ਏ ਐੱਸ ਆਈ ਸਰਬਜੀਤ ਸਿੰਘ ਅਤੇ ਉਸ ਦੇ ਕਾਰਿੰਦੇ ਲੁਡਨ ਨੂੰ ਵਿਜੀਲੈਂਸ ਨੇ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਹੈ।

ਵਿਜੀਲੈਂਸ ਬਿਊਰੋ ਦੇ ਐੱਸ ਐੱਸ ਪੀ ਦਲਜਿੰਦਰ ਸਿੰਘ ਢਿੱਲੋਂ ਦੇ ਮੁਤਾਬਕ ਸੁਮਨ ਚੌਹਾਨ ਪਤਨੀ ਸ਼ਿਵ ਚੌਹਾਨ ਵਾਸੀ ਨਿਊ ਗਾਂਧੀ ਨਗਰ ਗਲੀ ਨੰਬਰ ਤਿੰਨ, ਮੁਸਲਮਾਨ ਕਲੋਨੀ ਨੇ ਵਿਜੀਲੈਂਸ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਹ ਆਪਣੇ ਘਰ ਸਿਲਾਈ ਦਾ ਕੰਮ ਕਰਦੀ ਹੈ। ਉਸ ਦਾ ਪਤੀ ਨਾਲ 2013 ਤੋਂ ਤਲਾਕ ਦਾ ਕੇਸ ਚੱਲਦਾ ਹੈ। 2015 ਵਿੱਚ ਉਸ 'ਤੇ ਨਸ਼ੀਲਾ ਪਾਊਡਰ ਵੇਚਣ ਦਾ ਕੇਸ ਦਰਜ ਹੋਇਆ ਸੀ, ਜਿਸ ਵਿੱਚ ਉਹ ਬਰੀ ਹੋ ਚੁੱਕੀ ਹੈ ਅਤੇ ਉਹ ਆਪਣੇ ਪੇਕੇ ਘਰ ਭਰਾਵਾਂ ਦੇ ਮਕਾਨ ਵਿੱਚ ਰਹਿੰਦੀ ਹੈ। ਚਾਰ ਮਹੀਨੇ ਪਹਿਲਾਂ ਜਨਵਰੀ 2019 ਵਿੱਚ ਉਸ ਨੇ ਆਪਣੇ ਘਰ ਦੇ ਉਪਰ ਬਣੇ ਦੋ ਕਮਰੇ ਬਿੰਦਰ ਪਤਨੀ ਸੰਜੀਵ ਕੁਮਾਰ ਨੂੰ ਸਾਢੇ ਤਿੰਨ ਹਜ਼ਾਰ ਰੁਪਏ ਮਹੀਨਾ ਕਿਰਾਏ 'ਤੇ ਦੇ ਦਿੱਤੇ ਸਨ। ਬਿੰਦਰ ਦੀਆਂ ਤਿੰਨ ਧੀਆਂ ਅਤੇ ਦੋ ਪੁੱਤਰ ਹਨ। ਵੱਡੇ ਬੇਟੇ ਮੋਹਿਤ ਦੇ ਨਾਲ ਉਸ ਦਾ ਇੱਕ ਦੋਸਤ ਸ਼ਿਵਮ ਅਕਸਰ ਘਰ ਆਉਂਦਾ-ਜਾਂਦਾ ਸੀ। 23 ਅਪ੍ਰੈਲ ਨੂੰ ਜਦ ਉਹ ਘਰੋਂ ਗਿਆ ਤਾਂ ਪੰਜ ਮਿੰਟ ਬਾਅਦ ਐਂਟੀ ਨਾਰਕੋਟਿਕਸ ਸੈੱਲ ਜਲੰਧਰ ਸ਼ਹਿਰੀ ਪੁਲਸ ਦੇ ਏ ਐੱਸ ਆਈ ਸਰਬਜੀਤ ਸਿੰਘ ਨੇ ਉਸ ਨੂੰ ਫੋਨ ਕੀਤਾ ਅਤੇ ਕਿਹਾ ਕਿ ਉਹ ਨਸ਼ੇ ਦੀਆਂ ਗੋਲੀਆਂ ਵੇਚਦੀ ਹੈ। ਥੋੜ੍ਹੀ ਦੇਰ ਵਿੱਚ ਉਹ ਆਪਣੇ ਪ੍ਰਾਈਵੇਟ ਕਾਰਿੰਦੇ ਲੁਡਨ ਨੂੰ ਨਾਲ ਆਇਆ ਅਤੇ ਉਸ ਨੂੰ ਧਮਕਾਉਣ ਲੱਗਾ ਕਿ ਇੱਕ ਲੱਖ ਰੁਪਏ ਦੇ ਦੇਵੇ, ਨਹੀਂ ਤਾਂ ਉਸ ਦੇ ਖਿਲਾਫ ਚਿੱਟੇ ਦਾ ਕੇਸ ਦਰਜ ਕਰ ਦੇਵੇਗਾ। ਸੁਮਨ ਨੇ ਮਿੰਨਤਾਂ ਕੀਤੀਆਂ ਤਾਂ ਸੌਦਾ ਦਸ ਹਜ਼ਾਰ ਵਿੱਚ ਤੈਅ ਹੋ ਗਿਆ। ਸ਼ਿਕਾਇਤ ਪਿੱਛੋਂ ਡੀ ਐੱਸ ਪੀ ਨਿਰੰਜਨ ਸਿੰਘ ਦੀ ਅਗਵਾਈ ਵਿੱਚ ਇੰਸਪੈਕਟਰ ਮਨਦੀਪ ਸਿੰਘ ਨੇ ਐੱਸ ਆਈ ਮਨਜੀਤਪਾਲ ਸਿੰਘ, ਏ ਐੱਸ ਆਈ ਜਗਰੂਪ ਸਿੰਘ, ਏ ਐੱਸ ਆਈ ਗੁਰਜੀਤ ਸਿੰਘ ਦੀ ਟੀਮ ਬਣਾਈ ਅਤੇ ਸ਼ੈਡੋ ਗਵਾਹ ਐੱਸ ਡੀ ਐੱਮ ਦਵਿੰਦਰ ਪਾਲ, ਸਰਕਾਰੀ ਗਵਾਹ ਵੈਟਰਨਰੀ ਅਫਸਰ ਡਾਕਟਰ ਸੰਜੀਵ ਕੁਮਾਰ ਨੂੰ ਨਾਲ ਲੈ ਕੇ ਟ੍ਰੈਪ ਲਾਇਆ ਅਤੇ ਦੋਵਾਂ ਨੂੰ ਰਿਸ਼ਵਤ ਲੈਂਦੇ ਰੰਗੇ ਹੱਥੀਂ ਗ੍ਰਿਫਤਾਰ ਕਰ ਲਿਆ ਗਿਆ। ਵਿਜੀਲੈਂਸ ਜਾਂਚ ਵਿੱਚ ਪਤਾ ਲੱਗਾ ਹੈ ਕਿ ਲੁਡਨ ਏ ਐੱਸ ਆਈ ਦੇ ਲਈ ਮੁਖਬਰੀ ਕਰਦਾ ਸੀ।

# ਇਤਿਹਾਸਕਾਰ ਡਾ. ਕਿਰਪਾਲ ਸਿੰਘ ਦਾ ਦੇਹਾਂਤ



ਚੰਡੀਗੜ੍ਹ, 8 ਮਈ (ਪੋਸਟ ਬਿਊਰੋ)- ਭਾਰਤ-ਪਾਕਿਸਤਾਨ ਵੰਡ ਬਾਰੇ ਪਹਿਲੇ ਇਤਿਹਾਸਕਾਰ ਡਾ. ਕਿਰਪਾਲ ਸਿੰਘ ਦਾ ਕੱਲ੍ਹ ਦੇਹਾਂਤ ਹੋ ਗਿਆ। ਉਹ 95 ਵਰ੍ਹਿਆਂ ਦੇ ਸਨ। ਉਨ੍ਹਾਂ ਨੇ ਚੰਡੀਗੜ੍ਹ ਦੇ ਸੈਕਟਰ 15 ਵਿਚ ਆਪਣੇ ਘਰ ਵਿੱਚ ਆਖਰੀ ਸਾਹ ਲਿਆ। ਉਹ ਆਪਣੇ ਪਿੱਛੇ ਦੋ ਪੁੱਤਰ ਤੇ ਇਕ ਧੀ ਛੱਡ ਗਏ ਹਨ।

ਡਾ. ਕਿਰਪਾਲ ਸਿੰਘ ਦਾ ਇਤਿਹਾਸਕਾਰੀ ਵਾਲਾ ਸਫਰ 1953 ਵਿੱਚ ਸ਼ੁਰੂ ਹੋਇਆ, ਜਦੋਂ ਉਹ ਖਾਲਸਾ ਕਾਲਜ, ਅੰਮ੍ਰਿਤਸਰ ਵਿੱਚ ਪ੍ਰੋਫੈਸਰ ਸਨ। ਉਹ ਦੱਸਿਆ ਕਰਦੇ ਸਨ ਕਿ ਇਕ ਦਿਨ ਭਾਈ ਵੀਰ ਸਿੰਘ ਨੇ ਉਨ੍ਹਾਂ ਨੂੰ ਆਪਣੇ ਕੋਲ ਬੁਲਾਇਆ ਤੇ ਕਿਹਾ ਕਿ ਜੋ ਕੁਝ ਦੇਸ਼ ਦੀ ਵੰਡ ਸਮੇਂ 1947 ਵਿੱਚ ਵਾਪਰਿਆ, ਅਜਿਹਾ ਮਨੁੱਖੀ ਸੱਭਿਅਤਾ ਦੇ ਇਤਿਹਾਸ ਵਿੱਚ ਪਹਿਲਾਂ ਕਦੇ ਨਹੀਂ ਵਾਪਰਿਆ। ਉਹ (ਭਾਈ ਵੀਰ ਸਿੰਘ) ਇਸ ਬਾਰੇ ਲਿਖਣਾ ਚਾਹੁੰਦੇ ਹਨ, ਪਰ ਉਮਰ ਸਾਥ ਨਹੀਂ ਦੇ ਰਹੀ, ਇਸ ਲਈ ਇਹ ਕੰਮ ਉਸ (ਡਾ. ਕਿਰਪਾਲ ਸਿੰਘ) ਵਰਗੇ ਨੌਜਵਾਨ ਨੂੰ ਕਰਨਾ ਚਾਹੀਦਾ ਹੈ। ਇਸ ਤੋਂ ਬਾਅਦ ਪ੍ਰੋ. ਕਿਰਪਾਲ ਸਿੰਘ ਦੇ ਇਕ ਸਹਾਇਕ ਨੇ ਸ਼ਰਨਾਰਥੀ ਕੈਂਪਾਂ ਵਿੱਚ ਜਾ ਕੇ ਪੀੜਤਾਂ ਨਾਲ ਮੁਲਾਕਾਤਾਂ ਸ਼ੁਰੂ ਕੀਤੀਆਂ। ਉਹ ਆਪ ਦਿੱਲੀ ਤੇ ਸ਼ਿਮਲਾ ਦੇ ਦਫਤਰਾਂ ਤੋਂ ਰਿਕਾਰਡ ਇਕੱਠਾ ਕਰਨ ਗਏ। ਇਹ ਸਿਲਸਿਲਾ ਦੋ ਸਾਲ ਚੱਲਦਾ ਰਿਹਾ। ਉਨ੍ਹਾਂ ਦੇ ਇਸ ਖੋਜ ਕਾਰਜ ਵਿੱਚ ਵੱਡਾ ਮੋੜ 1962 ਵਿੱਚ ਉਸ ਵੇਲੇ ਆਇਆ ਜਦੋਂ ਪੰਜਾਬ ਦੇ ਓਦੋਂ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੇ ਉਨ੍ਹਾਂ ਨੂੰ ਪੰਜਾਬ ਦੀ ਵੰਡ ਬਾਰੇ ਦਸਤਾਵੇਜ਼ ਇਕੱਠੇ ਕਰਨ ਲਈ ਇੰਗਲੈਂਡ ਭੇਜਿਆ। ਉਨ੍ਹਾਂ ਨੇ ਇੰਗਲੈਂਡ ਵਿੱਚ ਛੇ ਮਹੀਨੇ ਅਜਿਹੇ ਅੰਗਰੇਜ਼ ਅਧਿਕਾਰੀਆਂ ਨਾਲ ਮੁਲਾਕਾਤਾਂ ਕੀਤੀਆਂ, ਜਿਹੜੇ ਵੰਡ ਲਈ ਜ਼ਿੰਮੇਵਾਰ ਜਾਂ ਸਬੰਧਤ ਸਨ। ਇਨ੍ਹਾਂ ਵਿੱਚ ਲਾਰਡ ਮਾਊਂਟਬੈਟਨ, ਰੈਡਕਲਿੱਫ ਆਦਿ ਸ਼ਾਮਲ ਸਨ। ਉਨ੍ਹਾਂ ਵਾਪਸ ਪੰਜਾਬ ਆ ਕੇ 'ਪੰਜਾਬ ਦੀ ਵੰਡ ਦੇ ਚੋਣਵੇਂ ਦਸਤਾਵੇਜ਼' ਨਾਂ ਦੀ ਪੁਸਤਕ ਲਿਖੀ। ਅੰਗਰੇਜ਼ ਅਧਿਕਾਰੀਆਂ ਨੂੰ ਮਿਲਣ ਮਗਰੋਂ ਉਹ ਇਸ ਸਿੱਟੇ 'ਤੇ ਪਹੁੰਚੇ ਕਿ ਵੰਡ ਪਿੱਛੇ ਵੱਡੀ ਸਾਜ਼ਿਸ਼ ਸੀ, ਜੋ ਦਸਤਾਵੇਜ਼ਾਂ ਤੋਂ ਨਜ਼ਰ ਨਹੀਂ ਆਉਂਦੀ, ਪਰ ਮੁਲਾਕਾਤਾਂ ਤੋਂ ਸਾਫ ਝਲਕਦੀ ਸੀ।

# ਪੁਲਸ ਉੱਤੇ ਫਾਇਰਿੰਗ ਕਰਕੇ ਕਤਲ ਦਾ ਦੋਸ਼ੀ ਗੈਂਗਸਟਰ ਛੁਡਾ ਲਿਆ

ਕਪੂਰਥਲਾ, 8 ਮਈ (ਪੋਸਟ ਬਿਊਰੋ)- ਸਿਵਲ ਹਸਪਤਾਲ ਵਿੱਚ ਦੁਪਹਿਰ ਨੂੰ ਮਾਡਰਨ ਜੇਲ੍ਹ ਤੋਂ ਚੈਕਅੱਪ ਕਰਵਾਉਣ ਲਈ ਲਿਆਂਦੇ ਗੈਂਗਸਟਰ ਹਰਭੇਜ ਸਿੰਘ ਉਰਫ ਭੇਜਾ ਨੂੰ ਪੰਜ ਬਦਮਾਸ਼ ਹਵਾਈ ਫਾਇਰਿੰਗ ਕਰਦੇ ਛੁਡਾ ਕੇ ਲੈ ਗਏ। ਪੁਲਸ ਨੇ ਭੱਜ ਰਹੇ ਦੋ ਦੋਸ਼ੀ ਲੋਕਾਂ ਦੀ ਮਦਦ ਨਾਲ ਫੜ ਲਏ। ਉਨ੍ਹਾਂ ਕੋਲੋਂ 32 ਬੋਰ ਦਾ ਦੇਸੀ ਕੱਟਾ, 15 ਕਾਰਤੂਸ, ਪੰਜ ਖੋਲ, ਤਿੰਨ ਮੋਬਾਈਲ ਫੋਨ ਅਤੇ ਬਾਈਕ ਮਿਲੀ ਹੈ। ਹਰਭੇਜ 'ਤੇ ਕਤਲ, ਲੁੱਟ ਖੋਹ ਦੇ 17 ਕੇਸ ਹਨ।

ਕੱਲ੍ਹ ਦੁਪਹਿਰ ਕਰੀਬ ਇਕ ਵਜੇ ਮਾਡਰਨ ਜੇਲ੍ਹ ਕਪੂਰਥਲਾ ਤੋਂ ਹਰਭੇਜ ਸਿੰਘ ਉਰਫ ਭੇਜਾ ਵਾਸੀ ਸੁਲਤਾਨਵਿੰਡ ਅੰਮ੍ਰਿਤਸਰ, ਅਜੇ ਕੁਮਾਰ ਅਤੇ ਵਿਜੇ ਕੁਮਾਰ ਨੂੰ ਤਿੰਨ ਪੁਲਸ ਮੁਲਾਜ਼ਮ ਹਸਪਤਾਲ ਵਿੱਚ ਚੈਕਐਪ ਕਰਵਾਉਣ ਲਈ ਲੈ ਕੇ ਆਏ ਸਨ। ਓ ਪੀ ਡੀ ਵਿੱਚ ਕਾਂਸਟੇਬਲ ਜਤਿੰਦਰ ਸਿੰਘ ਵਿਜੇ ਕੁਮਾਰ ਦਾ ਚੈਕਅੱਪ ਕਰਾ ਰਿਹਾ ਸੀ ਤਾਂ ਹਰਭੇਜ ਸਿੰਘ ਕਾਂਸਟੇਬਲ ਕੇਹਰ ਸਿੰਘ ਨੂੰ ਧੱਕਾ ਮਾਰ ਕੇ ਭੱਜਣ ਲੱਗਾ। ਇਸ ਦੌਰਾਨ ਅਚਾਨਕ ਚਾਰ ਨੌਜਵਾਨ ਤੇਜ਼ੀ ਨਾਲ ਉਥੇ ਆਏ, ਉਨ੍ਹਾਂ ਵਿੱਚੋਂ ਦੋ ਦੇ ਕੋਲ ਰਿਵਾਲਵਰ ਸਨ। ਉਹ ਹਵਾਈ ਫਾਇਰਿੰਗ ਕਰਦੇ ਹੋਏ ਹਰਭੇਜ ਨੂੰ ਬਾਹਰ ਲੈ ਗਏ। ਉਥੋਂ ਉਸ ਨੂੰ ਕਾਲੇ ਰੰਗ ਦੇ ਬੁਲੇਟ ਮੋਟਰ ਸਾਈਕਲ 'ਤੇ ਬਿਠਾ ਕੇ ਫਰਾਰ ਹੋ ਗਏ। ਇਸ ਦੌਰਾਨ ਪੁਲਸ ਮੁਲਾਜ਼ਮ ਜਤਿੰਦਰ ਸਿੰਘ ਤੇ ਮੇਜਰ ਸਿੰਘ ਦੋਸ਼ੀਆਂ ਦਾ ਪਿੱਛਾ ਕਰਦੇ ਹੋਏ ਸਿਵਲ ਹਸਪਤਾਲ ਦੇ ਗੇਟ 'ਤੇ ਪਹੁੰ-ਚੇ। ਉਥੇ ਸਪਲੈਂਡਰ ਬਾਈਕ 'ਤੇ ਸਵਾਰ ਦੋ ਦੋਸ਼ੀ ਭੱਜਣ ਲੱਗੇ ਤਾਂ ਪੁਲਸ ਮੁਲਾਜ਼ਮਾਂ ਨੇ ਪਿੱਛਾ ਕਕੇ ਉਨ੍ਹਾਂ ਨੂੰ ਫੜ ਲਿਆ। ਇਸ 'ਤੇ ਦੋਵੇਂ ਦੋਸ਼ੀ ਪੁਲਸ ਕਰਮੀਆਂ 'ਤੇ ਫਾਇਰਿੰਗ ਕਰਦੇ ਹੋਏ ਪੈਦਲ ਭੱਜ ਕੇ ਇਕ ਕੋਠੀ ਵਿੱਚ ਜਾ ਲੁਕੇ। ਦੋਵਾਂ ਨੂੰ ਪੁਲਸ ਵਾਲਿਆਂ ਨੇ ਲੋਕਾਂ ਦੀ ਮਦਦ ਨਾਲ ਦਬੋਚ ਲਿਆ। ਮਿਲੀ ਜਾਣਕਾਰੀ ਦੇ ਮੁਤਾਬਕ ਭੱਜਣ ਵਾਲੇ ਦੋਸ਼ੀ ਇਕ ਰਿਟਾਇਰਡ ਟੀਚਰ ਦੀ ਐਕਟਿਵਾ ਵੀ ਖੋਹ ਕੇ ਲੈ ਗਏ ਹਨ। ਪ੍ਰੈੱਸ ਕਾਨਫਰੰਸ ਵਿੱਚ ਐਸ ਐਸ ਪੀ ਸਤਿੰਦਰ ਸਿੰਘ ਨੇ ਦੱਸਿਆ ਕਿ ਫੜੇ ਗਏ ਦੋਸ਼ੀਆਂ ਦੀ ਪਛਾਣ ਸਰਵਨ ਸਿੰਘ ਉਰਫ ਸੰਨੀ ਵਾਸੀ ਸੁਲਤਾਨਵਿੰਡ, ਅੰਮ੍ਰਿਤਸਰ ਅਤੇ ਮਨਪ੍ਰੀਤ ਸਿੰਘ ਵਾਸੀ ਮਜੀਠਾ ਰੋਡ, ਅੰਮ੍ਰਿਤਸਰ ਵਜੋਂ ਹੋਈ ਹੈ। ਹਰਭੇਜ ਸਿੰਘ ਨਾਲ ਫਰਾਰ ਹੋਏ ਦੋਸ਼ੀਆਂ ਦੀ ਪਛਾਣ ਆਕਾਸ਼ ਮਾਨ ਤੇ ਮਿੱਠੂ ਵਾਸੀ ਅੰਮ੍ਰਿਤਸਰ ਅਤੇ ਯਾਦੀ ਮਾਹਲ ਵਾਸੀ ਸੁਲਤਾਨਵਿੰਡ ਵਜੋਂ ਹੋਈ ਹੈ। ਆਕਾਸ਼ ਦੇ ਪਿਤਾ ਸੁਰਿੰਦਰਪਾਲ ਪੁਲਸ ਵਿੱਚ ਏ ਐਸ ਆਈ ਦੱਸੇ ਜਾ ਰਹੇ ਹਨ।

# ਐਚ-1ਬੀ ਵੀਜ਼ਾ ਫੀਸ ਵਧਣ ਦੀਆਂ ਤਿਆਰੀਆਂ



ਵਾਸ਼ਿੰਗਟਨ, 8 ਮਈ (ਪੋਸਟ ਬਿਊਰੋ)- ਅਮਰੀਕਾ ਦੇ ਕਿਰਤ ਮੰਤਰੀ ਅਲੈਗਜ਼ੈਂਡਰ ਏਕੋਸਟਾ ਨੇ ਕਿਹਾ ਹੈ ਕਿ ਡੋਨਾਲਡ ਟਰੰਪ ਸਰਕਾਰ ਐਚ-1ਬੀ ਵੀਜ਼ਾ ਅਰਜ਼ੀ ਫੀਸ 'ਚ ਵਾਧੇ ਦੀ ਤਿਆਰੀ 'ਚ ਹੈ। ਇਸ ਲਈ ਮਤਾ ਤਿਆਰ ਕੀਤਾ ਜਾ ਰਿਹਾ ਹੈ। ਇਸ ਫੀਸ ਵਾਧੇ ਨਾਲ ਅਮਰੀਕੀ ਨੌਜਵਾਨਾਂ ਨੂੰ ਟੈਕਨਾਲੋਜੀ ਕਾਰਜਾਂ ਦੀ ਸਿਖਲਾਈ ਦੇਣ ਲਈ ਚੱਲ ਰਹੇ ਪ੍ਰੋਗਰਾਮ ਨੂੰ ਵਿਸਥਾਰ ਦਿੱਤਾ ਜਾਵੇਗਾ, ਜਿਸ ਦਾ ਕਈਆਂ ਉੱਤੇ ਅਸਰ ਪਵੇਗਾ। ਐਚ-1ਬੀ ਵੀਜ਼ਾ ਭਾਰਤੀ ਆਈ ਟੀ ਪੇਸ਼ੇਵਰਾਂ 'ਚ ਕਾਫੀ ਲੋਕਪ੍ਰਿਆ ਹੈ। ਫੀਸ ਵਧਣ ਨਾਲ ਭਾਰਤੀ ਆਈ ਟੀ ਕੰਪਨੀਆਂ ਉੱਤੇ ਬੋਝ ਵਧੇਗਾ। ਕਿਰਤ ਵਿਭਾਗ ਦੇ ਸਾਲਾਨਾ ਬਜਟ ਬਾਰੇ ਪਾਰਲੀਮੈਂਟਰੀ ਕਮੇਟੀ ਦੇ ਸਾਹਮਣੇ ਪੇਸ਼ ਹੋਏ ਏਕੋਸਟਾ ਨੇ ਇਹ ਵੇਰਵਾ ਨਹੀਂ ਦਿੱਤਾ ਕਿ ਵੀਜ਼ਾ ਫੀਸ ਵਿੱਚ ਕਿੰਨਾ ਵਾਧਾ ਹੋਵੇਗਾ ਅਤੇ ਕਿਨ੍ਹਾਂ ਸ਼੍ਰੇਣੀਆਂ 'ਚ ਹੋਵੇਗਾ ਪਰ ਪਹਿਲਾਂ ਦੇ ਤਜਰਬਿਆਂ ਤੋਂ ਸਾਫ ਹੈ ਕਿ ਭਾਰਤੀ ਆਈ ਟੀ ਕੰਪਨੀਆਂ ਵੱਲੋਂ ਵੀਜ਼ੇ ਲਈ ਵੱਡੀ ਗਿਣਤੀ ਵਿੱਚ ਅਰਜ਼ੀਆਂ ਦਿੱਤੀਆਂ ਜਾਂਦੀਆਂ ਹਨ। ਏਕੋਸਟਾ ਨੇ ਆਪਣੀ ਦਲੀਲ ਵਿੱਚ ਕਿਹਾ ਕਿ ਨੌਕਰੀ ਹਾਸਲ ਕਰਨ ਦੇ ਮੁਕਾਬਲੇ ਵਿੱਚ ਵਿਦੇਸ਼ੀ ਪੇਸ਼ੇਵਰ ਅਮਰੀਕੀਆਂ ਨੂੰ ਨੁਕਸਾਨ ਪਹੁੰਚਾ ਰਹੇ ਹਨ। ਇਸ ਲਈ ਟਰੰਪ ਪ੍ਰਸ਼ਾਸਨ ਐਚ-1ਬੀ ਵੀਜ਼ਾ ਪ੍ਰੋਗਰਾਮ 'ਤੇ ਨਕੇਲ ਕੱਸ ਰਿਹਾ ਹੈ। ਅਮਰੀਕੀ ਪਾਰਲੀਮੈਂਟ ਤੋਂ ਯੂ ਐਸ ਸੀ ਆਈ ਐਸ ਨੂੰ ਆਮ ਸ਼੍ਰੇਣੀ 'ਚ 65 ਹਜ਼ਾਰ ਐਚ-1ਬੀ ਵੀਜ਼ੇ ਜਾਰੀ ਕਰਨ ਦੀ ਮਨਜ਼ੂਰੀ ਮਿਲੀ ਹੈ। ਇਸ ਤੋਂ ਇਲਾਵਾ 20 ਹਜ਼ਾਰ ਐਚ-1ਬੀ ਵੀਜ਼ੇ ਉਨ੍ਹਾਂ ਲੋਕਾਂ ਨੂੰ ਦਿੱਤੇ ਜਾਂਦੇ ਹਨ, ਜਿਨ੍ਹਾਂ ਨੇ ਵਿਗਿਆਨ, ਟੈਕਨਾਲੋਜੀ, ਇੰਜੀਨੀਅਰਿੰਗ ਦੇ ਖੇਤਰ 'ਚ ਅਮਰੀਕੀ ਅਦਾਰਿਆਂ ਤੋਂ ਸਿੱਖਿਆ ਹਾਸਲ ਕੀਤੀ ਹੈ।

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

amar INTERMODAL · TRANSPORT · STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

AZ ਡਰਾਇਵਰਾਂ ਦੀ ਲੋੜ ਹੈ
"New Drivers are welcome"
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟੱਰਕ
ਟੀਮ ਡਰਾਇਵਰਾਂ ਦੀ Texas, USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
Local City Drivers @ 22/hr
For Canada To US Runs
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟੱਰਕ ਮਕੈਨਿਕ ਦੀ ਵੀ ਲੋੜ ਹੈ

Beauty Parlour ਲਈ ਲੜਕੀਆਂ ਦੀ ਲੋੜ ਹੈ
Beauty/Hair Salon in Mississauga ਲਈ hair cutting (Gents/Ladies) ਅਤੇ Threading/waxing ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। Barber ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ
Off: 905-814-7400
Ph: 416-566-9678

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਕਬੱਡੀ ਨੂੰ ਡਰੱਗ ਦੀ ਮਾਰ



ਪ੍ਰਿੰ. ਸਰਵਣ ਸਿੰਘ

2007 ਵਿਚ ਪ੍ਰਕਾਸ਼ਤ ਪੁਸਤਕ 'ਕਬੱਡੀ ਕਬੱਡੀ ਕਬੱਡੀ' ਵਿਚ 'ਕਬੱਡੀ ਨੂੰ ਡਰੱਗ ਦਾ ਜੱਫਾ' ਕਾਂਡ ਛਪਣ ਕਾਰਨ ਕਈ ਕਬੱਡੀ ਪ੍ਰਮੋਟਰ ਮੇਰੇ ਨਾਲ ਨਾਰਾਜ਼ ਹੋਏ ਸਨ। ਉਨ੍ਹਾਂ ਦਾ ਉਲਾਂਭਾ ਸੀ ਕਿ ਮੈਂ ਕਬੱਡੀ ਦਾ ਕੁਮੈਂਟੇਟਰ ਹੋ ਕੇ ਕਬੱਡੀ ਦਾ ਹੀ ਭਾਂਡਾ ਭੰਨ ਰਿਹਾਂ। ਫਿਰ ਬਿੱਲੀ ਥੈਲਿਓਂ ਬਾਹਰ ਆ ਗਈ ਅਤੇ ਅਨੇਕਾਂ ਖਿਡਾਰੀਆਂ ਦੇ ਡਰੱਗੀ ਹੋਣ ਦੀ ਗੁੱਝੀ ਗੱਲ ਜੱਗ ਜ਼ਾਹਿਰ ਹੋ ਗਈ। ਕੈਨੇਡਾ ਤੇ ਇੰਗਲੈਂਡ ਦੇ ਕਬੱਡੀ ਸੀਜ਼ਨ-2008 ਵਿਚ ਖੇਡੇ ਢਾਈ ਸੌ ਖਿਡਾਰੀਆਂ 'ਚੋਂ 119 ਖਿਡਾਰੀ ਡਰੱਗੀ ਨਿਕਲੇ! 2014 ਵਿਚ ਕਿਤਾਬ 'ਕਿੱਸਾ ਕਬੱਡੀ ਦਾ' ਵਿਚ 'ਕਬੱਡੀ ਨੂੰ ਡਰੱਗ ਦਾ ਕੋਹੜ' ਕਾਂਡ ਲਿਖਿਆ ਤਾਂ ਸਾਰਾ ਹੀਜ ਪਿਆਜ਼ ਹੀ ਨੰਗਾ ਹੋ ਗਿਆ।

ਸਿਹਤਮਾਰੂ ਸਟੀਰੌਇਡਜ਼ ਲੈਣ ਦਾ ਇਹ ਕੋਹੜ ਪੰਜਾਬ 'ਚੋਂ ਲੱਗਾ ਜਿਥੇ ਦਰਜਨਾਂ ਕਬੱਡੀ ਅਕੈਡਮੀਆਂ ਚੱਲ ਰਹੀਆਂ ਹਨ। ਉਨ੍ਹਾਂ ਦੇ ਤਿੰਨ ਗੁੱਟ ਹਨ। ਇਕ ਨੂੰ ਅਕੈਡਮੀਆਂ ਦੀ ਫੈਡਰੇਸ਼ਨ ਕਿਹਾ ਜਾਂਦੈ, ਦੂਜੀ ਨੂੰ ਅਕੈਡਮੀਆਂ ਦੀ ਐਸੋਸੀਏਸ਼ਨ ਤੇ ਤੀਜੀ ਪੰਜਾਬ ਕਬੱਡੀ ਐਸੋਸੀਏਸ਼ਨ। ਤਿੰਨੇ ਗਰੁੱਪ ਸੌ ਤੋਂ ਵੱਧ 'ਕਬੱਡੀ ਕੱਪ' ਖੇਡਦੇ ਹਨ ਪਰ ਕਿਤੇ ਵੀ ਡੋਪ ਟੈੱਸਟ ਨਹੀਂ ਹੁੰਦੇ। ਉਂਜ ਕਬੱਡੀ ਕੱਪਾਂ ਦਾ ਖਰਚਾ ਦਸ ਬਾਰਾਂ ਕਰੋੜ ਰੁਪਏ ਤੋਂ ਵੀ ਵੱਧ ਹੋ ਜਾਂਦੈ। ਅੰਦਾਜ਼ਾ ਹੈ ਕਿ ਕਬੱਡੀ ਦੇ ਖਿਡਾਰੀ ਇਕ ਕਰੋੜ ਤੋਂ ਵੱਧ ਰੁਪਏ ਸਿਹਤ ਮਾਰੂ ਡਰੱਗਾਂ ਉਤੇ ਖਰਚਦੇ ਹਨ ਜਿਨ੍ਹਾਂ ਨਾਲ ਡਰੱਗ ਦਾ ਧੰਦਾ ਕਰਨ ਵਾਲਿਆਂ ਦੇ ਵਾਰੇ ਨਿਆਰੇ ਹੁੰਦੇ ਹਨ।

**ਇਓਂ ਖੁੱਲ੍ਹਾ ਸੀ ਭੇਤ**

2006 ਵਿਚ ਮੈਂ ਵਿਨੀਪੈੱਗ ਦਾ ਟੂਰਨਾਮੈਂਟ ਭੁਗਤਾਅ ਕੇ ਟੋਰਾਂਟੋ ਮੁੜ ਰਿਹਾ ਸਾਂ। ਉਸੇ ਜਹਾਜ਼ ਵਿਚ ਕਬੱਡੀ ਦੇ ਕੁਝ ਖਿਡਾਰੀ ਵੀ ਸਵਾਰ ਸਨ। ਜਹਾਜ਼ ਚੜ੍ਹਾਉਣ ਆਏ ਮਿੱਤਰਾਂ ਨੇ ਉਨ੍ਹਾਂ ਨੂੰ ਖੁਆ ਪਿਆ ਕੇ ਵਿਦਾ ਕੀਤਾ ਸੀ। ਨਸ਼ੇ ਵਿਚ ਗੱਲਾਂ ਕਰਦੇ ਉਹ ਡਰੱਗ ਲੈਣ ਵਾਲੇ ਕਬੱਡੀ ਖਿਡਾਰੀਆਂ ਦੇ ਕਿੱਸੇ ਤੋਰ ਬੈਠੇ। ਮੇਰੇ ਲਈ ਉਨ੍ਹਾਂ ਦੀਆਂ ਗੱਲਾਂ ਹੈਰਾਨ ਕਰਨ ਵਾਲੀਆਂ ਸਨ। ਉਹ ਵਿਸਕੀ ਪੀਂਦੇ ਕਹੀ ਜਾਣ, "ਅਸੀਂ ਤਾਂ ਜੀ ਆਹੀ ਮਾੜੀ ਮੋਟੀ ਪੀਣ ਦੇ ਸ਼ੁਕੀਨ ਆਂ। ਸਾਡੇ ਨਾਲ ਦੇ ਖਿਡਾਰੀ ਮੱਝਾਂ ਦਾ ਦੁੱਧ ਲਾਹੁਣ ਤੇ ਘੋੜਿਆਂ ਨੂੰ ਭਜਾਉਣ ਵਾਲੇ ਟੀਕੇ ਲਾਈ ਜਾਂਦੇ ਆ! ਕਹਿੰਦੇ ਆ ਹੁਣ ਸਾਡੇ 'ਚ ਘੋੜੇ ਜਿੰਨੀ ਤਾਕਤ ਹੋਗੀ!"

ਹਵਾਈ ਸਫ਼ਰ ਦੌਰਾਨ ਉਹ ਡਰੱਗ ਲੈਣ ਵਾਲੇ ਖਿਡਾਰੀਆਂ ਦੇ ਕਾਰਨਾਮੇ ਸੁਣਾਉਂਦੇ ਆਏ। ਮੈਨੂੰ ਇਹ ਵੀ ਕਹਿੰਦੇ ਆਏ ਕਿ ਉਨ੍ਹਾਂ ਬਾਰੇ ਜ਼ਰੂਰ ਲਿਖੋ ਪਰ ਸਾਡਾ ਨਾਂ ਨਾ ਲਿਖਿਓ। ਜੇ ਸਾਡੀਆਂ ਗੱਲਾਂ ਸੱਚੀਆਂ ਨਾ ਹੋਈਆਂ ਤਾਂ ਬੇਸ਼ੱਕ ਸਾਡਾ ਮੂੰਹ ਕਾਲਾ ਕਰ ਦਿਓ! ਫਿਰ ਮੈਂ ਲੇਖ ਲਿਖਿਆ: ਕਬੱਡੀ ਨੂੰ ਡਰੱਗ ਦਾ ਜੱਫਾ।

**ਇਓਂ ਸ਼ੁਰੂ ਹੋਇਆ ਸੀ ਡੋਪ ਟੈੱਸਟ**

1960 ਵਿਚ ਰੋਮ ਦੀਆਂ ਓਲੰਪਿਕ ਖੇਡਾਂ ਦੌਰਾਨ ਡਰੱਗ ਲੈਣ ਵਾਲੇ ਇਕ ਸਾਈਕਲ ਸਵਾਰ ਦੀ ਮੌਤ ਹੋ ਗਈ ਸੀ। ਅੰਤਰਰਾਸ਼ਟਰੀ ਓਲੰਪਿਕ ਕਮੇਟੀ ਨੇ ਇਸ ਦਾ ਗੰਭੀਰ ਨੋਟਿਸ ਲਿਆ ਤੇ ਮੈਡੀਕਲ ਕਮਿਸ਼ਨ ਬਣਾਇਆ ਜਿਸ ਨੇ ਪੜਤਾਲ ਕਰ ਕੇ ਉਨ੍ਹਾਂ ਦਵਾਈਆਂ ਦੀ ਸੂਚੀ ਜਾਰੀ ਕੀਤੀ ਜੋ ਖਿਡਾਰੀਆਂ ਲਈ ਘਾਤਕ ਹਨ। ਉਹ ਦਵਾਈਆਂ ਖਿਡਾਰੀਆਂ ਲਈ ਵਰਜਿਤ ਕੀਤੀਆਂ ਗਈਆਂ। ਉਦੋਂ ਤੋਂ ਡੋਪ ਟੈੱਸਟ ਕੀਤੇ ਜਾਂਦੇ ਹਨ ਜਿਨ੍ਹਾਂ ਨਾਲ ਵਰਜਿਤ ਦਵਾਈਆਂ ਲੈਣ ਵਾਲੇ ਖਿਡਾਰੀ ਪਛਾਣੇ ਜਾਂਦੇ ਹਨ ਤੇ ਉਨ੍ਹਾਂ ਉਤੇ ਖੇਡ ਮੁਕਾਬਲਿਆਂ ਵਿਚ ਭਾਗ ਲੈਣ ਦੀ ਪਾਬੰਦੀ ਲਾ ਦਿੱਤੀ ਜਾਂਦੀ ਹੈ। ਉਨ੍ਹਾਂ ਦੇ ਜਿੱਤੇ ਹੋਏ ਮੈਡਲ ਵਾਪਸ ਲੈ ਲਏ ਜਾਂਦੇ ਤੇ ਖੇਡ ਰਿਕਾਰਡਾਂ 'ਚੋਂ ਉਨ੍ਹਾਂ ਦਾ ਨਾਂ ਮੇਟ ਦਿੱਤਾ ਜਾਂਦਾ ਹੈ। ਕੈਨੇਡਾ ਦੇ ਦੌੜਾਕ ਬੈੱਨ ਜੌਨਸਨ, ਅਮਰੀਕਾ ਦੀ ਦੌੜਾਕ ਮੇਰੀਅਨ ਜੋਨਜ਼, ਆਇਰਲੈਂਡ ਦੀ ਮੀਸ਼ੇਲ ਸਮਿੱਥ ਤੇ ਹੋਰ ਕਈ ਚੋਟੀ ਦੇ ਖਿਡਾਰੀ ਡਰੱਗ ਲੈਣ ਦੀ ਸਜ਼ਾ ਭੁਗਤਦੇ ਰਹੇ ਹਨ। ਉਡਣ ਪਰੀ ਮੇਰੀਅਨ ਜੋਨਜ਼ ਨੂੰ ਤਾਂ ਜੇਲ੍ਹ ਵੀ ਜਾਣਾ ਪਿਆ ਸੀ।

ਸਿਓਲ ਦੀਆਂ ਓਲੰਪਿਕ ਖੇਡਾਂ 'ਚੋਂ ਤਿੰਨ ਗੋਲਡ ਮੈਡਲ ਜਿੱਤਣ ਵਾਲੀ ਦੌੜਾਕ ਫਲੋਰੈਂਸ ਗ੍ਰਿਫਤ ਜਾਏਨਰ ਡਰੱਗ 'ਤੇ ਲੱਗੀ ਹੋਈ ਸੀ। ਡੋਪ ਟੈੱਸਟ ਤੋਂ ਪਹਿਲਾਂ ਉਹ ਅਜਿਹੀ ਦਵਾਈ ਲੈ ਲੈਂਦੀ ਸੀ ਜਿਸ ਨਾਲ ਡੋਪ ਟੈੱਸਟ ਵਿਚ ਫੜੀ ਨਹੀਂ ਸੀ ਜਾਂਦੀ। ਉਹ ਡੋਪ ਟੈੱਸਟ ਕਰਨ ਵਾਲਿਆਂ ਨੂੰ ਤਾਂ ਧੋਖਾ ਦਿੰਦੀ ਰਹੀ ਪਰ ਮੌਤ ਨੇ ਧੋਖਾ ਨਾ ਖਾਧਾ। ਮੌਤ ਨੇ ਉਸ ਨੂੰ ਚਾਲੀ ਸਾਲ ਦੀ ਉਮਰ ਤੋਂ ਪਹਿਲਾਂ ਹੀ ਦਬੋਚ ਲਿਆ। ਮੈਡਲ ਤਾਂ ਉਸ ਨੇ ਬੜੇ ਜਿੱਤੇ ਤੇ ਬੱਲੇ ਬੱਲੇ ਵੀ ਬੜੀ ਕਰਾਈ ਪਰ ਜਿੰਨੀ ਬੁਰੀ ਤਰ੍ਹਾਂ ਉਹ ਮਰੀ ਉਹਦਾ ਦੁੱਖ ਉਹੀ ਜਾਣਦੀ ਸੀ।

**ਡਰੱਗ ਦੇ ਟੀਕੇ, ਕੈਪਸੂਲ ਤੇ ਪਾਊਡਰ**

ਕਬੱਡੀ ਦੇ ਜਿਹੜੇ ਖਿਡਾਰੀ ਮੈਚ ਜਿੱਤਣ ਦੇ ਮੂਡ ਵਿਚ ਵੇਖਾ ਵੇਖੀ ਨਸ਼ੇ ਦੇ ਟੀਕੇ ਲੁਆਈ, ਕੈਪਸੂਲ ਲਈ ਤੇ ਪਾਊਡਰ ਪੀਈ ਜਾਂਦੇ ਹਨ ਉਨ੍ਹਾਂ ਨੂੰ ਪਤਾ ਉਦੋਂ ਲੱਗੇਗਾ ਜਦੋਂ ਨਿਪੁੰਸਕ ਹੋ ਗਏ। ਜਿਹੜੇ ਐਨਾਬੌਲਿਕ ਸਟੇਰੌਇਡਜ਼ ਦਸਾਂ ਦਿਨਾਂ ਵਿਚ ਵੀਹ ਪੌਂਡ ਭਾਰ ਵਧਾਉਂਦੇ ਨੇ ਉਨ੍ਹਾਂ ਦੀ ਫੂਕ ਨਿਕਲਣ ਲੱਗਿਆਂ ਵੀ ਦਸ ਦਿਨ ਨਹੀਂ ਲੱਗਦੇ। 'ਸਪੀਡ ਪਾਊਡਰ' ਗਿਣਤੀ ਦੀਆਂ ਕਬੱਡੀਆਂ ਹੀ ਸਪੀਡ ਨਾਲ ਪੁਆਉਂਦੈ ਜੋ ਮਗਰੋਂ ਹਿੱਲਣ ਜੋਗਾ ਵੀ ਨਹੀਂ ਛੱਡਦਾ। ਭੇਤੀ ਬੰਦੇ ਚਿਹਰਾ ਵੇਖ ਈ ਬੁੱਝ ਲੈਂਦੇ ਹਨ ਕਿ ਜੁਆਨ ਡਰੱਗ 'ਤੇ ਲੱਗ ਚੁੱਕੈ!

ਐਨਾਬੌਲਿਕ ਸਟੇਰੌਇਡਜ਼ ਦਾ ਇਕ ਹਾਰਮੋਨ ਟੈੱਸਟੋਸਟੈਰੋਨ ਹੈ। ਤਾਕਤ ਦੇਣ ਵਾਲੇ ਇਸ ਹਾਰਮੋਨ ਦੇ ਕਈ ਦੁਰਪ੍ਰਭਾਵ ਹਨ। ਇਸ ਨਾਲ ਮੱਸਲ ਵਧ ਸਕਦੇ ਹਨ, ਮਰਦਾਨਾ ਸ਼ਕਤੀ ਘਟ ਸਕਦੀ ਹੈ ਅਤੇ ਅੰਡਕੋਸ਼ ਸਪੱਰਮ ਪੈਦਾ ਕਰਨੋਂ ਜਵਾਬ ਦੇ ਸਕਦੇ ਹਨ। ਕਿਸੇ ਦੇ ਗੰਜ ਪੈ ਸਕਦੈ, ਕਿਸੇ ਦੇ ਵਾਲ ਵਧ ਸਕਦੇ ਤੇ ਕਿਸੇ ਦੇ ਝੜ ਸਕਦੇ ਹਨ। ਮੂੰਹ 'ਤੇ ਫਿਨਸੀਆਂ ਤੇ ਜਿਗਰ ਦਾ ਕੈਂਸਰ ਹੋ ਸਕਦੈ। ਮਾੜਾ ਕਲੈਸਟਰੋਲ ਵਧ ਸਕਦੈ, ਬੰਦਾ ਗੁੱਸੇਖੋਰਾ ਤੇ ਧੱਕੜ ਬਣ ਸਕਦੈ। ਉਹ ਗੁੰਮ ਸੁੰਮ ਤੇ ਡਰੱਗ ਦਾ ਗੁਲਾਮ ਵੀ ਹੋ ਸਕਦੈ। ਟੀਕੇ ਦੀ ਸੂਈ ਨਾਲ ਲਾਗ ਦੀ ਬਿਮਾਰੀ ਲੱਗ ਸਕਦੀ ਹੈ, ਏਡਜ਼ ਤੇ ਹੈਪੀਟਾਈਟਸ ਹੋ ਸਕਦੀ ਹੈ। ਮਰਦ ਲਈ ਵੱਡਾ ਮਿਹਣਾ ਹੈ ਨਾਮਰਦ ਹੋ ਜਾਣਾ। ਕਈ ਖਿਡਾਰੀ ਕੱਪ ਜਿੱਤਦੇ-ਜਿੱਤਦੇ ਪਤਨੀਆਂ ਹਾਰ ਬੈਠੇ ਹਨ!

ਕਬੱਡੀ ਦੇ ਖਿਡਾਰੀਆਂ ਨੂੰ ਟੀਕਿਆਂ 'ਤੇ ਲਾਉਣ 'ਚ ਕਈ ਨੀਮ ਹਕੀਮਾਂ ਨੇ ਲੱਖਾਂ ਰੁਪਈਏ ਬਣਾਏ ਹਨ। ਮੱਸਲ ਬਣਾਉਣ ਦੇ ਟੀਕੇ ਪ੍ਰਚਲਤ ਕਰਨ ਵਾਲਾ ਇਕ ਭਲਵਾਨ ਖ਼ੁਦ ਚੱਲ ਵਸਿਆ ਹੈ। ਮੀਫੈਂਟਰਮਾਈਨ ਟੀਕੇ ਦਾ ਨਾਂ ਹੀ 'ਮੌਕੇ' ਦਾ ਟੀਕਾ ਪੱਕ ਗਿਆ ਹੈ। ਕਬੱਡੀ ਦੀਆਂ ਕੁਝ ਕਥਿਤ ਅਕੈਡਮੀਆਂ 'ਚ ਕਬੱਡੀ ਦੀ ਕੋਚਿੰਗ ਨਾਲੋਂ ਟੀਕੇ ਲਾਉਣ ਦੀ ਕੋਚਿੰਗ ਵੱਧ ਮਿਲਦੀ ਹੈ! ਕਈ ਕੋਚਾਂ ਨੇ ਇਹਦਾ ਨਾਂ 'ਸਪਲੀਮੈਂਟ ਡਾਈਟ' ਰੱਖਿਆ ਹੈ। ਚੋਰਾਂ ਨੂੰ ਫੜਨ ਨਾਲ ਮਾਵਾਂ ਵੀ ਫੜਨੀਆਂ ਚਾਹੀਦੀਆਂ ਹਨ ਜਿਹੜੀਆਂ ਚੋਰਾਂ ਨੂੰ ਜਨਮ ਦਿੰਦੀਆਂ ਹਨ। ਜਿਥੋਂ ਇਹ ਡਰੱਗਾਂ ਸਪਲਾਈ ਹੁੰਦੀਆਂ ਹਨ ਉਥੇ ਵੀ ਛਾਪੇ ਮਾਰਨੇ ਚਾਹੀਦੇ ਹਨ।

**ਕਬੱਡੀ ਖਿਡਾਰੀਆ ਦੇ ਡੋਪ ਟੈੱਸਟ**

ਜਦੋਂ ਕਬੱਡੀ ਨੂੰ ਲੱਗੇ ਡਰੱਗ ਦੇ ਕੋਹੜ ਨੂੰ ਵਾਰ ਵਾਰ ਕਬੱਡੀ ਫੈਡਰੇਸ਼ਨਾਂ ਦੇ ਧਿਆਨ ਵਿਚ ਲਿਆਂਦਾ ਤਾਂ ਮਤੇ ਪਾਸ ਕੀਤੇ ਗਏ ਕਿ ਕੈਨੇਡਾ ਤੇ ਇੰਗਲੈਂਡ ਵਿਚ 2007 ਦਾ ਕਬੱਡੀ ਸੀਜ਼ਨ ਡੋਪ ਟੈੱਸਟ ਕਰਾ ਕੇ ਹੀ ਖਿਡਾਇਆ ਜਾਵੇਗਾ। ਪਰ ਉਹਦੇ ਉਤੇ ਅਮਲ ਨਾ ਕੀਤਾ ਗਿਆ। ਬਹੁਤੇ ਕਲੱਬਾਂ ਨੇ ਵੋਟ ਪਾ ਦਿੱਤੀ ਕਿ ਡੋਪ ਟੈੱਸਟ ਕਰਾਉਣੇ ਰਹਿਣ ਦਿਓ ਕਿਉਂਕਿ ਖਿਡਾਰੀ ਮਸਾਂ ਕੈਨੇਡਾ/ਇੰਗਲੈਂਡ ਸੱਦੇ ਨੇ! ਇਸ ਖੁੱਲ੍ਹ ਦਾ ਫਾਇਦਾ ਉਠਾਉਂਦਿਆਂ ਜਿਨ੍ਹਾਂ ਖਿਡਾਰੀਆਂ ਨੇ ਡਰਦਿਆਂ ਟੀਕੇ ਲਾਉਣੇ ਛੱਡ ਦਿੱਤੇ ਸਨ ਉਹ ਦੁਬਾਰਾ ਲਾਉਣ ਲੱਗ ਪਏ ਤੇ ਪਿੱਛੇ ਤਾਰਾਂ ਖੜਕਾ ਦਿੱਤੀਆਂ ਪਈ ਏਥੇ ਤਾਂ ਹਰੀ ਝੰਡੀ ਐ! ਆਉਣ ਵਾਲੇ ਮਾਲ ਮੱਤਾ ਲਈ ਆਉਣ ਕਿਉਂਕਿ ਕੈਨੇਡਾ 'ਚ ਮਿਲਦਾ ਨਹੀਂ ਜਾਂ ਬਹੁਤ ਮਹਿੰਗਾ ਮਿਲਦੈ। ਜਦੋਂ ਮਾਲ ਮੱਤੇ ਨਾਲ ਲੈਸ ਇਕ ਖਿਡਾਰੀ ਵੈਨਕੂਵਰ ਹਵਾਈ ਅੱਡੇ 'ਤੇ ਫੜਿਆ ਗਿਆ ਤਾਂ ਕਬੱਡੀ ਫੈਡਰੇਸ਼ਨਾਂ ਦੀਆਂ ਵੀ ਅੱਖਾਂ ਖੁੱਲ੍ਹ ਗਈਆਂ। ਕਬੱਡੀ ਕਲੱਬਾਂ ਨੂੰ ਫੰਡ ਦੇਣ ਵਾਲੇ ਵੀ ਕਲੱਬਾਂ ਨੂੰ ਕਹਿਣ ਲੱਗ ਪਏ ਕਿ ਕਬੱਡੀ ਟੂਰਨਾਮੈਂਟ ਕਰਾਉਣ ਦੀ ਥਾਂ ਸਾਥੋਂ ਡੋਪ ਟੈੱਸਟ ਕਰਾਉਣ ਦਾ ਈ ਫੰਡ ਲੈ ਲਵੋ ਪਰ ਕਬੱਡੀ ਨੂੰ ਡਰੱਗ ਮੁਕਤ ਕਰੋ।

ਕਬੱਡੀ ਸੀਜ਼ਨ 2008 ਤੋਂ ਪਹਿਲਾਂ ਉਨਟਾਰੀਓ, ਬੀ. ਸੀ. ਤੇ ਯੂ. ਕੇ. ਦੀਆਂ ਕਬੱਡੀ ਫੈਡਰੇਸ਼ਨਾਂ ਨੇ ਫਿਰ ਮਤੇ ਪਕਾਏ ਪਈ ਐਤਕੀਂ ਹਰ ਹਾਲਤ ਵਿਚ ਖਿਡਾਰੀਆਂ ਦੇ ਡੋਪ ਟੈੱਸਟ ਕੀਤੇ ਜਾਣਗੇ। ਖਿਡਾਰੀ ਸਮਝਦੇ ਰਹੇ ਕਿ ਪਿਛਲੇ ਸਾਲ ਵਾਂਗ ਡਰਾਵਾ ਹੀ ਹੈ। ਇਹ ਟੈੱਸਟ ਕਾਫੀ ਮਹਿੰਗੇ ਸਨ ਫਿਰ ਵੀ ਕਬੱਡੀ ਫੈਡਰੇਸ਼ਨਾਂ ਨੇ ਕਰਵਾ ਲਏ। ਸ਼ਾਬਾਸ਼ੇ ਉਨ੍ਹਾਂ ਫੈਡਰੇਸ਼ਨਾਂ ਦੇ ਜਿਨ੍ਹਾਂ ਨੇ ਕਬੱਡੀ ਨੂੰ ਡਰੱਗ ਮੁਕਤ ਕਰਨ ਦਾ ਬੀੜਾ ਚੁੱਕਿਆ।

2008 ਵਿਚ ਕੈਨੇਡਾ 'ਚ ਸਾਢੇ ਤਿੰਨ ਸੌ ਤੇ ਇੰਗਲੈਂਡ ਵਿਚ ਢਾਈ ਸੌ ਡੋਪ ਟੈੱਸਟ ਕੀਤੇ ਗਏ। ਟੈੱਸਟਾਂ 'ਤੇ ਖਰਚਾ ਤਾਂ ਬਹੁਤ ਹੋ ਗਿਆ ਪਰ ਓਨਾ ਫਿਰ ਵੀ ਨਹੀਂ ਹੋਇਆ ਜਿੰਨਾ ਖਿਡਾਰੀ ਡਰੱਗਾਂ ਉਤੇ ਖਰਚਦੇ ਸਨ। ਡੋਪ ਟੈੱਸਟ ਕਰਨੇ ਸੌਖਾ ਕਾਰਜ ਨਹੀਂ ਸੀ। ਇਹ ਤਸੱਲੀ ਵਾਲੀ ਗੱਲ ਸੀ ਕਿ 8 ਅਗੱਸਤ 2008 ਦੀ ਮੀਟਿੰਗ ਵਿਚ ਉਨਟਾਰੀਓ, ਬੀ. ਸੀ., ਯੂ. ਕੇ. ਤੇ ਪੰਜਾਬ ਦੀਆਂ ਕਬੱਡੀ ਫੈਡਰੇਸ਼ਨਾਂ ਨੇ ਸਰਬ ਸੰਮਤੀ ਨਾਲ ਫੈਸਲਾ ਕੀਤਾ ਕਿ ਡੋਪ ਟੈੱਸਟ ਵਿਚ ਡਰੱਗੀ ਸਾਬਤ ਹੋਏ ਕਿਸੇ ਵੀ ਖਿਡਾਰੀ ਨੂੰ ਕਿਸੇ ਵੀ ਦੇਸ਼ ਵਿਚ ਕੋਈ ਕਲੱਬ ਕਬੱਡੀ ਨਹੀਂ ਖਿਡਾਏਗਾ। ਪਰ ਇਸ ਫੈਸਲੇ ਨੂੰ ਅਮਲੀ ਰੂਪ ਵਿਚ ਲਾਗੂ ਨਾ ਕੀਤਾ ਗਿਆ।

ਡੋਪ ਟੈੱਸਟਾਂ ਵਿਚ ਜਿਨ੍ਹਾਂ ਖਿਡਾਰੀਆਂ ਦਾ ਸੈਂਪਲ ਇਕ ਵਾਰ ਪਾਜ਼ੇਟਿਵ ਆਇਆ ਉਨ੍ਹਾਂ ਨੂੰ ਇਕ ਹਜ਼ਾਰ ਡਾਲਰ ਜੁਰਮਾਨਾ ਤੇ ਇਕ ਸਾਲ ਲਈ ਕਿਤੇ ਵੀ ਕਬੱਡੀ ਖੇਡਣ ਤੋਂ ਬੈਨ ਕੀਤਾ ਗਿਆ ਸੀ। ਬੈਨ ਮੁੱਕਣ ਤੋਂ ਬਾਅਦ ਦੁਬਾਰਾ ਖੇਡਣ ਲੱਗੇ ਤੇ ਦੂਜੀ ਵਾਰ ਪਾਜ਼ੇਟਿਵ ਆਏ ਖਿਡਾਰੀ ਨੂੰ ਕਬੱਡੀ ਦੇ ਮੈਦਾਨ 'ਚੋਂ ਜੀਵਨ ਭਰ ਲਈ ਬੈਨ ਕਰਨ ਦਾ ਫੈਸਲਾ ਕੀਤਾ ਗਿਆ ਸੀ। ਫੈਸਲਾ ਹੋਇਆ ਸੀ ਕਿ ਜਿਹੜੇ ਕਲੱਬ, ਅਕੈਡਮੀਆਂ, ਐਸੋਸੀਏਸ਼ਨਾਂ ਜਾਂ ਫੈਡਰੇਸ਼ਨਾਂ ਬੈਨ ਹੋਏ ਖਿਡਾਰੀਆਂ ਨੂੰ ਬੈਨ ਦੌਰਾਨ ਖਿਡਾਉਣਗੀਆਂ ਉਨ੍ਹਾਂ ਦਾ ਕੋਈ ਵੀ ਖਿਡਾਰੀ ਇੰਗਲੈਂਡ ਜਾਂ ਕੈਨੇਡਾ ਵਿਚ ਨਹੀਂ ਸੱਦਿਆ ਜਾਵੇਗਾ। ਜੇ ਕੋਈ ਹੋਰ ਮੁਲਕ ਉਨ੍ਹਾਂ ਨੂੰ ਸੱਦਦਾ ਹੈ ਤਾਂ ਉਥੇ ਇੰਗਲੈਂਡ ਤੇ ਕੈਨੇਡਾ ਦੀਆਂ ਫੈਡਰੇਸ਼ਨਾਂ ਵੱਲੋਂ ਕੋਈ ਖਿਡਾਰੀ ਨਹੀਂ ਭੇਜਿਆ ਜਾਵੇਗਾ।

**ਖੇਡਾਂ ਦਾ ਮੰਤਵ**

ਖੇਡਾਂ ਜੁਆਨਾਂ ਦੇ ਜੁੱਸੇ ਤਕੜੇ ਤੇ ਨਰੋਏ ਬਣਾਉਣ, ਚੰਗੀਆਂ ਆਦਤਾਂ ਪਾਉਣ, ਲੜਾਈਆਂ ਝਗੜਿਆਂ ਤੋਂ ਬਚਾਉਣ, ਵਧੀਆ ਇਨਸਾਨ ਬਣਾਉਣ, ਸਰੀਰਾਂ 'ਚ ਪੈਦਾ ਹੋ ਰਹੀ ਵਾਧੂ ਊਰਜਾ ਦਾ ਸਹੀ ਨਿਕਾਸ ਕਰਨ, ਮਿਲਵਰਤਣ ਤੇ ਉਸਾਰੂ ਮੁਕਾਬਲੇ ਦੀ ਭਾਵਨਾ ਉਪਜਾਉਣ, ਸਿਹਤਮੰਦ ਮਨੋਰੰਜਨ ਕਰਨ ਅਤੇ ਐਕਸੇਲੈਂਸ ਭਾਵ ਖੇਡ ਨੂੰ ਸਿਖਰ 'ਤੇ ਪੁਚਾਉਣ ਤੇ ਦਰਸਾਉਣ ਲਈ ਹੁੰਦੀਆਂ ਹਨ। ਖੇਡਾਂ ਖਿਡਾਰੀਆਂ ਨੂੰ ਨਸ਼ਿਆਂ 'ਤੇ ਲਾ ਕੇ ਕੱਪ ਜਿੱਤਣ ਲਈ ਨਹੀਂ ਹੁੰਦੀਆਂ। 2008-9 ਵਿਚ ਬਾਕਾਇਦਾ ਡੋਪ ਟੈੱਸਟ ਹੋਣ ਕਾਰਨ ਡਰੱਗ ਦੇ ਕੋਹੜ ਨੂੰ ਕਾਫੀ ਠੱਲ੍ਹ ਪੈ ਗਈ ਸੀ। 2010 ਵਿਚ ਪੱਛਮੀ ਮੁਲਕਾਂ ਦਾ ਕਬੱਡੀ ਸੀਜ਼ਨ ਖੇਡਣ ਲਈ ਇਕ ਹਜ਼ਾਰ ਤੋਂ ਵੀ ਵੱਧ ਪੰਜਾਬੀ ਖਿਡਾਰੀ ਹਵਾਈ ਜਹਾਜ਼ਾਂ 'ਤੇ ਚੜ੍ਹੇ ਸਨ।

**ਵਰਲਡ ਕੱਪਾਂ ਵਿਚ ਡੋਪ ਟੈੱਸਟ**

2010 ਵਿਚ ਪੰਜਾਬ ਦੇ ਪਹਿਲੇ ਕਬੱਡੀ ਵਰਲਡ ਕੱਪ ਸਮੇਂ ਡੋਪ ਟੈੱਸਟ ਕੀਤੇ ਤਾਂ 23 ਖਿਡਾਰੀ ਟਰਾਇਲਾਂ ਸਮੇਂ ਤੇ 9 ਖਿਡਾਰੀ ਟੂਰਨਾਮੈਂਟ ਦੌਰਾਨ ਪਾਜ਼ੇਟਿਵ ਪਾਏ ਗਏ। ਪੰਜਾਬ ਦੇ ਦੂਜੇ ਕਬੱਡੀ ਵਰਲਡ ਕੱਪ-2011 ਲਈ ਭਾਰਤੀ ਟੀਮ ਦੀ ਚੋਣ ਕਰਨ ਵੇਲੇ 51 ਖਿਡਾਰੀਆਂ ਦੇ ਡੋਪ ਟੈੱਸਟ ਕੀਤੇ ਗਏ ਜਿਨ੍ਹਾਂ ਵਿਚੋਂ 20 ਖਿਡਾਰੀ ਪਾਜ਼ੇਟਿਵ ਨਿਕਲੇ। ਕੱਪ ਦੌਰਾਨ ਹਰ ਮੈਚ ਪਿੱਛੋਂ ਦੋਹਾਂ ਟੀਮਾਂ ਦੇ ਦੋ ਦੋ ਖਿਡਾਰੀਆਂ ਦੇ ਸੈਂਪਲ ਲਏ ਜਾਂਦੇ ਰਹੇ ਤੇ ਦੋ ਦਿਨਾਂ ਬਾਅਦ ਨਤੀਜਾ ਨਸ਼ਰ ਕੀਤਾ ਜਾਂਦਾ ਰਿਹਾ। ਦੂਜੇ ਵਿਸ਼ਵ ਕੱਪ ਵਿਚ ਕੁਲ 311 ਡੋਪ ਟੈਸਟ ਕੀਤੇ ਗਏ ਜਿਨ੍ਹਾਂ ਉਤੇ 47 ਲੱਖ ਰੁਪਏ ਖਰਚ ਹੋਏ। ਕੱਪ ਦੌਰਾਨ 52 ਤੇ ਟਰਾਇਲਾਂ ਦੌਰਾਨ 20 ਖਿਡਾਰੀ ਜੋੜ ਕੇ ਕੁਲ 72 ਖਿਡਾਰੀ ਡਰੱਗੀ ਨਿਕਲੇ। ਉਨ੍ਹਾਂ ਵਿਚ ਇੰਗਲੈਂਡ ਦੇ 10, ਕੈਨੇਡਾ 8, ਅਮਰੀਕਾ 8, ਸਪੇਨ 7, ਆਸਟ੍ਰੇਲੀਆ 6, ਇਟਲੀ 6, ਨਾਰਵੇ 3, ਭਾਰਤ 1, ਪਾਕਿਸਤਾਨ 1, ਜਰਮਨੀ 1 ਅਤੇ ਅਰਜਨਟੀਨਾ ਦਾ ਵੀ 1 ਖਿਡਾਰੀ ਸੀ। ਟਰਾਇਲਾਂ ਦੌਰਾਨ ਭਾਰਤ ਦੇ 20 ਖਿਡਾਰੀ ਡਰੱਗੀ ਨਿਕਲੇ ਸਨ ਜਿਨ੍ਹਾਂ ਵਿਚ 1 ਜੋੜ ਕੇ ਕੁਲ 21 ਬਣਦੇ ਸਨ! ਇਨ੍ਹਾਂ ਵਿਚ ਸਭ ਤੋਂ ਵੱਧ ਖਿਡਾਰੀ ਭਾਰਤ ਦੇ ਹੀ ਸਨ।

ਕਬੱਡੀ ਵਰਲਡ ਕੱਪਾਂ ਵਿਚ 2010 ਤੋਂ 14 ਤਕ ਡੋਪ ਟੈਸਟ ਤਾਂ ਕੀਤੇ ਜਾਂਦੇ ਰਹੇ ਪਰ ਡੋਪੀ ਖਿਡਾਰੀਆਂ ਨੂੰ ਖ਼ਾਸ ਸਜ਼ਾ ਨਾ ਦਿੱਤੀ ਗਈ। 2015 ਦਾ ਵਰਲਡ ਕੱਪ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਕਾਰਨ ਮੁਲਤਵੀ ਕਰਨਾ ਪਿਆ। 2016 ਵਿਚ ਨਾਂ ਦਾ ਹੀ ਕਬੱਡੀ ਵਰਲਡ ਕੱਪ ਕਰਵਾਇਆ ਤਾਂ ਚੋਣਾਂ ਸਾਹਮਣੇ ਵੇਖਦਿਆਂ ਡੋਪ ਟੈਸਟ ਕੀਤੇ ਹੀ ਨਾ ਗਏ। ਡਰ ਸੀ ਕਿ ਪਹਿਲਾਂ ਹੀ ਅਧੂਰਾ ਕੱਪ ਸ਼ਾਇਦ ਸਿਰੇ ਹੀ ਨਾ ਚੜ੍ਹੇ!

**ਕਬੱਡੀ ਕਲੱਬਾਂ ਤੇ ਫੈਡਰੇਸ਼ਨਾਂ ਦਾ ਰੋਲ**

ਕਬੱਡੀ ਕਲੱਬਾਂ, ਕਬੱਡੀ ਫੈਡਰੇਸ਼ਨਾਂ ਤੇ ਕਬੱਡੀ ਟੂਰਨਾਮੈਂਟ ਕਰਾਉਣ ਵਾਲਿਆਂ ਨੂੰ ਚਾਹੀਦਾ ਸੀ ਕਿ ਜਿੰਨੇ ਸਮੇਂ ਲਈ ਡਰੱਗੀ ਖਿਡਾਰੀਆਂ ਦੇ ਖੇਡਣ ਉਤੇ ਪਾਬੰਦੀ ਸੀ ਓਨਾ ਸਮਾਂ ਉਨ੍ਹਾਂ ਨੂੰ ਖਿਡਾਇਆ ਨਾ ਜਾਂਦਾ ਅਤੇ ਸੁਧਰਨ ਦਾ ਮੌਕਾ ਦਿੱਤਾ ਜਾਂਦਾ। ਪਰ ਅਜਿਹਾ ਨਹੀਂ ਹੋਇਆ। ਕਬੱਡੀ ਦੀਆਂ ਕੁਝ ਪੈਰਲਲ ਫੈਡਰੇਸ਼ਨਾਂ ਅਜਿਹੀਆਂ ਬਣ ਗਈਆਂ ਜੋ ਡੋਪ ਟੈੱਸਟ ਕਰਾ ਕੇ ਡਰੱਗੀ ਖਿਡਾਰੀਆਂ ਨੂੰ ਆਪਣੇ ਹੱਥੋਂ ਨਹੀਂ ਸਨ ਗੁਆਉਣਾ ਚਾਹੁੰਦੀਆਂ। ਡਰੱਗ ਦੇ ਵਪਾਰੀ ਵੀ ਨਹੀਂ ਸੀ ਚਾਹੁੰਦੇ ਕਿ ਡਰੱਗ ਦਾ ਕਾਰੋਬਾਰ ਬੰਦ ਹੋਵੇ। ਉਨ੍ਹਾਂ ਦੀ ਚਾਂਦੀ ਇਸੇ ਵਿਚ ਸੀ। ਜਿਹੜੇ 'ਕਬੱਡੀ ਪ੍ਰਮੋਟਰ' ਡਰੱਗੀ ਖਿਡਾਰੀਆਂ ਨੂੰ ਆਪਣੇ ਟੂਰਨਾਮੈਂਟਾਂ ਵਿਚ ਖਿਡਾਉਂਦੇ ਹਨ ਉਹ ਡਾਲਰਾਂ ਨਾਲ ਖਿਡਾਰੀਆਂ ਦਾ ਭਲਾ ਕਰਨ ਦੀ ਥਾਂ ਉਨ੍ਹਾਂ ਦਾ ਬੁਰਾ ਹੀ ਕਰਦੇ ਹਨ ਜੋ ਉਨ੍ਹਾਂ ਨੂੰ ਬਾਅਦ ਵਿਚ ਪਤਾ ਲੱਗੇਗਾ। ਕਬੱਡੀ ਵਿਚ ਡਰੱਗ ਦੀ ਆਮਦ ਨੇ ਹੁਣ ਚੰਗੀ ਸੋਚ ਵਾਲੇ ਲੋਕਾਂ ਦਾ ਕਬੱਡੀ ਤੋਂ ਮੋਹ ਭੰਗ ਕਰ ਦਿੱਤਾ ਹੈ। ਹੁਣ ਕਬੱਡੀ ਟੂਰਨਾਮੈਂਟ ਵੇਖਣ ਲਈ ਓਨੇ ਦਰਸ਼ਕ ਨਹੀਂ ਜੁੜਦੇ ਜਿੰਨੇ ਪਹਿਲਾਂ ਜੁੜਦੇ ਸਨ। ਜਿਹੜੇ ਥੋੜ੍ਹੇ ਬਹੁਤੇ ਜੁੜਦੇ ਵੀ ਹਨ ਉਨ੍ਹਾਂ ਵਿਚੋਂ ਵੀ ਕਬੱਡੀ ਪ੍ਰੇਮੀ ਘੱਟ ਹੁੰਦੇ ਹਨ ਤੇ ਤਮਾਸ਼ਬੀਨ ਵੱਧ।

**ਵੀਜ਼ਾ ਹੀ ਗੋਲਡ ਮੈਡਲ**

ਪੰਜਾਬ ਦੇ ਕਬੱਡੀ ਖਿਡਾਰੀਆਂ ਨੂੰ ਸਭ ਤੋਂ ਵੱਡੀ ਖ਼ੁਸ਼ੀ ਓਦੋਂ ਹੁੰਦੀ ਹੈ ਜਦੋਂ ਉਨ੍ਹਾਂ ਨੂੰ ਵਿਦੇਸ਼ ਜਾਣ ਦੇ ਵੀਜ਼ੇ ਮਿਲ ਜਾਣ। ਉਹ ਵੀਜ਼ੇ ਨੂੰ ਹੀ ਕਬੱਡੀ ਦਾ ਗੋਲਡ ਮੈਡਲ ਸਮਝਦੇ ਹਨ। ਬਹੁਤੇ ਖਿਡਾਰੀ ਸਿਰਫ਼ ਇਸ ਲਈ ਕਬੱਡੀ ਖੇਡਦੇ ਹਨ ਕਿ ਕਿਸੇ ਦਿਨ ਉਹ ਵਿਦੇਸ਼ ਜਾਣ ਦਾ ਵੀਜ਼ਾ ਲੈ ਸਕਣਗੇ। ਕਈ ਅਖੰਡ ਪਾਠ ਸੁੱਖ ਲੈਂਦੇ ਹਨ ਕਿ ਵੀਜ਼ਾ ਮਿਲ ਗਿਆ ਤਾਂ ਪੁੰਨ ਦਾਨ ਵੀ ਕਰਾਂਗੇ। ਦੁਆਬੇ ਵਿਚ ਇਕ ਐਸਾ ਗੁਰਦੁਆਰਾ ਹੈ ਜਿਥੇ ਮੰਨਤ ਵਜੋਂ ਹਵਾਈ ਜਹਾਜ਼ਾਂ ਦੇ ਖਿਡੌਣੇ ਚੜ੍ਹਾਏ ਜਾਂਦੇ ਸਨ। ਹੁਣ ਉਥੇ ਖਿਡੌਣੇ ਰੱਖਣ ਦੀ ਥਾਂ ਨਹੀਂ ਬਚੀ!

ਕਬੱਡੀ ਹੁਣ ਲੱਖਾਂ ਕਰੋੜਾਂ ਦਾ ਕਾਰੋਬਾਰ ਬਣ ਚੁੱਕੀ ਹੈ। ਕਬੱਡੀ ਦੀ ਮੰਡੀ ਵਿਚ ਡਰੱਗੀ ਖਿਡਾਰੀ ਵੀ ਬੋਲੀ ਲੁਆ ਜਾਂਦੇ ਹਨ। ਸਿਰੇ ਦਾ ਡਰੱਗੀ ਖਿਡਾਰੀ ਟੋਰਾਂਟੋ, ਵੈਨਕੂਵਰ, ਕੈਲਗਰੀ, ਐਡਮੰਟਨ ਦੇ ਟੂਰਨਾਮੈਂਟ ਖੇਡ ਕੇ ਇਕੋ ਸੀਜ਼ਨ ਵਿਚ 50 ਹਜ਼ਾਰ ਡਾਲਰ ਭੋਟ ਰਿਹੈ। ਕੈਨੇਡਾ ਕੱਪ ਤੇ ਅਮਰੀਕਾ ਕੱਪ ਖੇਡਣ ਦੇ ਵੀਹ ਪੱਚੀ ਹਜ਼ਾਰ ਡਾਲਰ ਵੱਖਰੇ। ਡਰੱਗ ਨਾ ਲੈਣ ਵਾਲੇ ਖਰੇ ਖਿਡਾਰੀ ਬਿਟ ਬਿਟ ਵੇਖਦੇ ਰਹਿ ਜਾਂਦੇ ਹਨ। ਕਬੱਡੀ ਦੇ ਨਾਂ 'ਤੇ ਵਿਚੇ ਅਸਲੀ ਤੇ ਵਿਚੇ ਨਕਲੀ ਖਿਡਾਰੀ ਵੀਜ਼ੇ ਲੈ ਕੇ ਵਿਦੇਸ਼ਾਂ 'ਚ ਪੱਕੇ ਵਸਨੀਕ ਬਣ ਬੈਠੇ ਹਨ। ਕਬੱਡੀ 'ਚੋਂ ਟ੍ਰੈਵਲ ਏਜੰਟ ਵੀ ਚੰਗੀਆਂ ਚੁੰਗਾਂ ਕੱਢਦੇ ਹਨ।

ਜਦੋਂ ਪੱਛਮੀ ਮੁਲਕਾਂ ਦਾ ਕਬੱਡੀ ਸੀਜ਼ਨ ਸ਼ੁਰੂ ਹੋਣਾ ਹੁੰਦੈ ਤਾਂ ਨਾਲ ਹੀ ਕਬੱਡੀ ਵੀਜ਼ਿਆਂ ਦੀ ਰੁੱਤ ਆ ਜਾਂਦੀ ਹੈ। ਸਪਾਂਸਰ ਲੱਭੇ ਜਾਂਦੇ ਨੇ, ਰਾਹਦਾਰੀਆਂ ਮੰਗਾਈਆਂ ਜਾਂਦੀਆਂ ਤੇ ਵਿਦੇਸ਼ਾਂ ਦੇ ਸਿਆਸੀ ਨੇਤਾਵਾਂ ਤੋਂ ਸਿਫ਼ਾਰਸ਼ੀ ਚਿੱਠੀਆਂ ਪੁਆਈਆਂ ਜਾਂਦੀਆਂ। ਕਈ ਕਹਿੰਦੇ ਕਹਾਉਂਦੇ ਖਿਡਾਰੀਆਂ ਨੂੰ ਵੀ ਵੀਜ਼ੇ ਨਹੀਂ ਮਿਲਦੇ ਪਰ ਜਾਅਲੀ ਖਿਡਾਰੀ ਦਾਅ ਲਾ ਜਾਂਦੇ ਨੇ। ਖੱਜਲ ਖੁਆਰੀ ਲਈ ਕਈ ਕਬੱਡੀ ਖਿਡਾਰੀ ਖ਼ੁਦ ਹੀ ਜ਼ਿੰਮੇਵਾਰ ਹੁੰਦੇ ਹਨ। ਕੋਈ ਖਿਡਾਰੀ ਪਾਸਪੋਰਟ ਨਾਲ ਹੀ ਛੇੜਖਾਨੀ ਕਰ ਬਹਿੰਦਾ ਹੈ। ਜਿਸ ਪਾਸਪੋਰਟ ਉਤੇ ਵੀਜ਼ਾ ਨਾ ਮਿਲਿਆ ਹੋਵੇ ਉਹ ਝੂਠੀ ਮੂਠੀ ਗੁਆ ਛੱਡਦਾ ਹੈ ਤੇ ਆਪਣੇ ਨਾਂ ਦਾ ਇਕ ਅੱਧਾ ਅੱਖਰ ਬਦਲ ਕੇ ਤੇ ਜਨਮ ਸਥਾਨ ਪਿੰਡ ਦੀ ਥਾਂ ਨਾਨਕਿਆਂ ਦਾ ਭਰ ਕੇ ਦੂਜਾ ਪਾਸਪੋਰਟ ਬਣਾ ਲੈਂਦਾ ਹੈ। ਪਹਿਲੀ ਫੋਟੋ ਪੱਗ ਵਾਲੀ ਹੋਵੇ ਤਾਂ ਦੂਜੀ ਸਿਰ ਮੁੰਨੇ ਦੀ ਲੱਗ ਜਾਂਦੀ ਹੈ। ਕਰਦਾ ਕੋਈ ਹੈ, ਭੁਗਤਣੀਆਂ ਕਿਸੇ ਹੋਰ ਨੂੰ ਪੈਂਦੀਆਂ ਹਨ!

**ਡਰੱਗ ਦੇ ਕੋਹੜ ਦਾ ਇਲਾਜ**

ਕਬੱਡੀ ਵਿਚ ਡਰੱਗ ਦੇ ਕੋਹੜ ਦਾ ਇਲਾਜ ਕਰਨਾ ਬੇਸ਼ੱਕ ਸੌਖਾ ਨਹੀਂ ਪਰ ਜੇ ਸਾਰੇ ਕਬੱਡੀ ਪ੍ਰੇਮੀ ਤਹੱਈਆ ਕਰ ਲੈਣ ਤਾਂ ਇਹ ਔਖਾ ਵੀ ਨਹੀਂ। ਕਬੱਡੀ ਲਈ ਫੰਡ ਦੇਣ ਵਾਲੇ ਮੁੱਢਲੀ ਸ਼ਰਤ ਇਹ ਰੱਖਣ ਕਿ ਸਾਡਾ ਪੈਸਾ ਖਰੇ ਖਿਡਾਰੀਆਂ 'ਤੇ ਲੱਗੇ ਨਾ ਕਿ ਡਰੱਗੀ ਖਿਡਾਰੀਆਂ 'ਤੇ ਲੱਗ ਕੇ ਉਨ੍ਹਾਂ ਦਾ ਸੱਤਿਆਨਾਸ਼ ਕਰੇ। ਦਰਸ਼ਕ ਵੀ ਖਰੇ ਖਿਡਾਰੀਆਂ ਦੀ ਖੇਡ ਵੇਖਣ ਨਾ ਕਿ ਡਰੱਗੀ ਖਿਡਾਰੀਆਂ ਦੀ। ਜੇ ਕੋਈ ਡਰੱਗੀ ਖਿਡਾਰੀਆਂ ਨੂੰ ਖਿਡਾਉਣ ਦੀ ਹਿਮਾਕਤ ਕਰੇ ਤਾਂ ਦਰਸ਼ਕ ਉਹਨੂੰ ਹੂਟ ਕਰਨ ਤਾਂ ਕਿ ਹੋਰਨਾਂ ਨੂੰ ਸਬਕ ਮਿਲੇ। ਇਨਾਮਾਂ ਨਾਲ ਹੌਸਲਾ ਖਰੇ ਖਿਡਾਰੀਆਂ ਦਾ ਵਧਾਇਆ ਜਾਵੇ ਨਾ ਕਿ ਡਰੱਗੀ ਖਿਡਾਰੀਆਂ ਦਾ। ਲਚਰ ਗਾਇਕੀ ਤੇ ਡਰੱਗੀ ਕਬੱਡੀ ਤਦੇ ਬੰਦ ਹੋ ਸਕਦੀ ਹੈ ਜੇ ਲੋਕ ਖ਼ੁਦ ਸਾਥ ਦੇਣ। ਜੇ ਪੁਰਾਣੇ ਖਿਡਾਰੀ ਡਰੱਗਾਂ ਤੋਂ ਬਿਨਾਂ ਸਾਲਾਂ-ਬੱਧੀ ਵਧੀਆ ਕਬੱਡੀ ਖੇਡਦੇ ਰਹੇ ਤਾਂ ਨਵੇਂ ਖਿਡਾਰੀ ਕਿਉਂ ਨਹੀਂ ਖੇਡ ਸਕਦੇ?

ਵਿਦੇਸ਼ਾਂ ਦੀਆਂ ਕਬੱਡੀ ਫੈਡਰੇਸ਼ਨਾਂ ਪੰਜਾਬ ਤੋਂ ਕੇਵਲ ਉਨ੍ਹਾਂ ਖਿਡਾਰੀਆਂ ਨੂੰ ਸੱਦਣ ਜਿਹੜੇ ਵੀਜ਼ਾ ਅਰਜ਼ੀ ਨਾਲ ਕੁਝ ਦਿਨ ਪਹਿਲਾਂ ਮਾਨਤਾ ਪ੍ਰਾਪਤ ਏਜੰਸੀ ਤੋਂ ਡੋਪ ਟੈੱਸਟ ਕਰਾਏ ਦਾ ਸਰਟੀਫਿਕੇਟ ਲਾਉਣ। ਸੱਦੇ ਗਏ ਖਿਡਾਰੀਆਂ ਨੂੰ ਐਟ ਰੈਂਡਮ ਡੋਪ ਟੈੱਸਟ ਦਾ ਵੀ ਡਰ ਹੋਵੇ। ਕਬੱਡੀ ਨੂੰ ਡਰੱਗ ਦੀ ਮਾਰ ਤੋਂ ਬਚਾਉਣ ਲਈ ਨੇਕਨੀਅਤੀ ਦੀ ਲੋੜ ਹੈ, ਡਰਾਮੇਬਾਜ਼ੀ ਦੀ ਨਹੀਂ। ਐਵੇਂ ਜਾਅਲੀ ਡੋਪ ਟੈੱਸਟ ਕਰਾਉਣ ਦਾ ਡਰਾਮਾ ਰਚ ਕੇ ਕਬੱਡੀ ਪ੍ਰੇਮੀਆਂ ਤੇ ਖਰੇ ਖਿਡਾਰੀਆਂ ਦੀਆਂ ਅੱਖਾਂ ਵਿਚ ਘੱਟਾ ਨਹੀਂ ਪਾਉਣਾ ਚਾਹੀਦਾ। ਡਰੱਗ ਟੈੱਸਟ ਦੀ ਫੀਸ 40 ਡਾਲਰ ਹੈ ਤੇ ਡੋਪ ਟੈੱਸਟ ਦੀ 200 ਡਾਲਰ। ਕਬੱਡੀ ਟੂਰਨਾਮੈਂਟਾਂ ਨੂੰ ਫੰਡ ਦੇਣ ਵਾਲੇ ਡੋਪ ਟੈੱਸਟ ਸਪਾਂਸਰ ਕਰਨ ਲਈ ਨਿਤਰਨ। ਕਬੱਡੀ ਦਾ ਨਾਅਰਾ ਹੋਣਾ ਚਾਹੀਦੈ: ਖਰੇ ਖਿਡਾਰੀ ਜ਼ਿੰਦਾਬਾਦ, ਡਰੱਗੀ ਖਿਡਾਰੀ ਮੁਰਦਾਬਾਦ!

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200


ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

TOTAL HOME Windows & Doors
ਮਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਫੇਰ ਸਾਰੀ ਬਚਤ ਪਾਓ!

WINTER & SPRING SPECIAL SALE

•WINDOWS •FIBERGLASS DOORS
•STEEL DOORS •SLIDING PATIO DOORS

Guaranteed lowest Price up to 50% OFF



▪Honest & fair prices ▪Professional installation
▪High quality products ▪First class service

For 5 Stars Reviews Online & Testimonial visit: https://thwindowsdoors.com/testimonials/

Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com



# ਵਧਾਏ ਗਏ ਇਟੋਬਿਕੋਕ ਜਨਰਲ ਹੋਸਪਿਟਲ ਦਾ ਦੌਰਾ ਕਰਨ ਲਈ ਇੱਕ ਸੱਦਾ




ਇਟੋਬਿਕੋਕ ਜਨਰਲ ਹਸਪਤਾਲ ਦੇ ਨਵੇਂ ਪੇਸ਼ੰਟ ਟਾਵਰ ਦਾ ਦੌਰਾ ਕਰਨ ਲਈ ਸਾਡੇ ਨਾਲ ਸ਼ਾਮਲ ਹੋਵੋ, ਜੋ ਜੂਨ 2019 ਵਿੱਚ ਖੁੱਲ ਰਿਹਾ ਹੈ।


ਨਵੀਂ ਥਾਂ ਦਾ ਦੌਰਾ ਕਰੋ ਅਤੇ ਹਸਪਤਾਲ ਦੇ ਵਿਸਥਾਰਿਤ ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਓਸਲਰ ਦੇ ਸਟਾਫ਼ ਨਾਲ ਗੱਲ ਕਰੋ! ਮਿਤੀਆਂ/ਸਮੇਂ ਹੇਠਾਂ ਦਿੱਤੇ ਮੁਤਾਬਕ ਹਨ:

ਸ਼ਨੀਵਾਰ 11 ਮਈ — ਸਵੇਰ 10:00 – ਦੁਪਹਿਰ ਬਾਅਦ 2:00 ਵਜੇ

ਐਤਵਾਰ, 26 ਮਈ — ਸਵੇਰ 10:00 – ਦੁਪਹਿਰ ਬਾਅਦ 2:00 ਵਜੇ

ਨਵੇਂ ਮੁੱਖ ਪ੍ਰਵੇਸ਼ ਦੁਆਰ ਰਾਹੀਂ ਦਾਖਲ ਹੋਵੋ (ਨਕਸ਼ਾ ਦੇਖੋ)।

## ਅਸੀਂ ਤੁਹਾਨੂੰ ਮਿਲਣ ਦੀ ਉਮੀਦ ਕਰਦੇ ਹਾਂ।




ਇਟੋਬਿਕੋਕ ਜਨਰਲ ਇੱਥੇ ਸਥਿਤ ਹੈ:
101 Humber College Boulevard
Etobicoke, ON M9V 1R8

### ਨਕਸ਼ੇ ਲਈ ਸੰਕੇਤ:

1 ਮਰੀਜ਼ ਐਮਰਜੈਂਸੀ ਦੇ ਪ੍ਰਵੇਸ਼ ਦੁਆਰ ਵੱਲ
2 ਨਵੇਂ ਐਮਰਜੈਂਸੀ ਵਿਭਾਗ ਦਾ ਪ੍ਰਵੇਸ਼ ਦੁਆਰ
3 ਮੁੱਖ ਪ੍ਰਵੇਸ਼ ਦੁਆਰ ਵੱਲ
4 ਹਸਪਤਾਲ ਦਾ ਨਵਾਂ ਮੁੱਖ ਪ੍ਰਵੇਸ਼ ਦੁਆਰ
5 ਇਟੋਬਿਕੋਕ ਵੈਲਨੈਸ ਸੈਂਟਰ
6 ਨਵਾਂ ਪੇਸ਼ੰਟ ਟਾਵਰ
7 ਹਸਪਤਾਲ ਦੀ ਮੌਜੂਦਾ ਇਮਾਰਤ
P ਵਿਜ਼ਿਟਰ ਪਾਰਕਿੰਗ
ਬੱਸ ਸਟਾਪ/ਬੱਸ ਸ਼ੈਲਟਰ

### ਕਾਰ ਦੁਆਰਾ ਪਹੁੰਚਣਾ:

ਹੰਬਰ ਕਾਲੇਜ ਬੁਲੇਵਾਰਡ, ਫਿੰਚ ਦੇ ਦੱਖਣ ਵਿੱਚ, ਰੇਕਸਡੇਲ ਬੁਲੇਵਾਰਡ ਦੇ ਉੱਤਰ ਵੱਲ, ਹਾਈਵੇ 27 ਦੇ ਨਾਲ ਹੈ।
ਇਸ ਪ੍ਰੋਗਰਾਮ ਲਈ ਪਾਰਕਿੰਗ ਮੁਫ਼ਤ ਹੈ।

### ਜਨਤਕ ਆਵਾਜਾਈ ਦੁਆਰਾ ਪਹੁੰਚਣਾ:

ਟੋਰਾਂਟੋ ਟ੍ਰਾਂਜ਼ਿਟ ਕਮਿਸ਼ਨ (TTC) ਬੱਸਾਂ:
36B/36D FINCH WEST, 191 HIGHWAY 27 ROCKET (ਕਿਪਲਿੰਗ ਸਟੇਸ਼ਨ ਤੋਂ), 96 A, B ਜਾਂ D WILSON (ਯੋਰਕ ਮਿਲਜ਼ ਸਟੇਸ਼ਨ ਤੋਂ)। ਹੋਰ ਜਾਣਕਾਰੀ ਲਈ, TTC ਦੀ ਵੈੱਬਸਾਈਟ 'ਤੇ ਜਾਓ ਜਾਂ (416) 393-4000 'ਤੇ ਕਾਲ ਕਰੋ।

ਮਿਸੀਸਾਗਾ ਟ੍ਰਾਂਜ਼ਿਟ ਬੱਸਾਂ:
22 Finch; Brampton Transit 11 Steeles, 50 Gore Rd.
ਹੋਰ ਜਾਣਕਾਰੀ ਲਈ, ਮਿਸੀਸਾਗਾ ਟ੍ਰਾਂਜ਼ਿਟ ਦੀ ਵੈੱਬਸਾਈਟ 'ਤੇ ਜਾਓ।

ਧਿਆਨ ਦਿਓ: ਕਈ ਪਾਣੀ ਦੇ ਸਟੇਸ਼ਨ ਉਪਲਬਧ ਹੋਣਗੇ। ਕਿਰਪਾ ਕਰਕੇ ਆਪਣੀ ਪਾਣੀ ਦੀ ਬੋਤਲ ਲਿਆਓ।

William Osler Health System
*Going Beyond*

ਵਧੇਰੇ ਜਾਣਕਾਰੀ ਲਈ, ਇਸ ਵੈੱਬਸਾਈਟ 'ਤੇ ਜਾਓ
www.williamoslerhs.ca



# Data everywhere. No surprise charges anywhere.

NEW

NATION-WIDE. NO ZONES.
TALK, TEXT & DATA PLANS
$35/MO.

chatr™
AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

